# ANNIVERSARY EDITION

## 1948 – 2018 : 70 years of Israel
## 1958 – 2018 : 60 years of
## Free people's Mission Krefeld

**"Jesus Christ the same yesterday,**
**and today and forever"**
**(Heb 13:8)**

# ANNIVERSARY EDITION

**1948 – 2018 : 70 years of Israel**
**1958 – 2018 : 60 years of**
**Free people's Mission Krefeld**

# ਸਲਾਨਾ ਐਡੀਸ਼ਨ

1948 - 2018 : ਇਸਰਾਏਲ ਦੇ 70 ਸਾਲ

1958 - 2018 : ਅਜਾਦ ਲੋਕਾਂ ਦੇ ਮਿਸਨ ਕਰੇਫਲਡ
ਦੇ 60 ਸਾਲ

"ਯਿਸ਼ੂ ਮਸੀਹ ਕੱਲ ਅਤੇ ਅੱਜ ਅਤੇ ਜੁਗੋ ਜੁਗ ਇੱਕੋ ਜਿਹਾ ਹੈ।"

(ਇਬਰਾਨੀ 8: 31)

ਪ੍ਰਚਾਰ ਪੱਤਰ ਅਪ੍ਰੈਲ 2018

ਸਲਾਨਾ ਐਡੀਸ਼ਨ

1948 - 2018 : ਇਸਰਾਏਲ ਦੇ 70 ਸਾਲ

1958 - 2018 : ਅਜਾਦ ਲੋਕਾਂ ਦੇ ਮਿਸ਼ਨ ਕਰੇਫਲੱਡ ਦੇ 60 ਸਾਲ

........................................................................................

ਸੰਸਾਰ ਭਰ ਦੇ ਸਾਰੇ ਲੋਕਾਂ ਨੂੰ ਸਾਡੇ ਪ੍ਰਭੂ ਅਤੇ ਮੁਕਤੀਦਾਤਾ ਯਿਸ਼ੂ ਮਸੀਹ ਦੇ ਬਹੁਮੁਲੇ ਨਾਮ ਵਿੱਚ ਯਹੁੰਨਾ 8:31 ਦੀ ਲਿਖਤ ਨਾਲ ਦਿਲੀ ਸਲਾਮ!

"ਜੇ ਤੁਸੀਂ ਮੇਰੇ ਬਚਨ ਤੇ ਖਲੋਤੇ ਰਹੋ ਤਾਂ ਠੀਕ ਤੁਸੀਂ ਮੇਰੇ ਚੇਲੇ ਹੋ"

ਮੀਕਾਹ ਨਬੀਂ 400 ਨਬੀਆਂ ਦੇ ਵਿਰੁੱਧ ਜਿਹੜੇ ਝੂਠੇ ਆਤਮਾ ਦੀ ਪ੍ਰੇਰਣਾ ਹੇਠ ਭਵਿਖ ਬਾਣੀਆਂ ਕਰਦੇ ਸਨ ਖੜਾ ਹੋ ਗਿਆ ਅਤੇ ਆਖਿਆ, "ਜਿਉਂਦੇ ਯੋਹਵਾਹ ਦੀ ਸੌਂਹ ਜੋ ਕੁਝ ਯਹੋਵਾਹ ਮੈਨੂੰ ਫਰਮਾਏਗਾ, ਮੈਂ ਉਹ ਹੀ ਬੋਲਾਂਗਾ" (1 ਰਾਜਾ 22:14)

ਪਹਿਲੇ ਦਿਨੋਂ ਮੇਰਾ ਵੀ ਇਹ ਹੀ ਫੈਸਲਾ ਹੈ। ਆਪਣੇ ਸੰਦੇਸ਼ ਦੇ ਅਖੀਰ ਤੇ ਪ੍ਰਮੇਸ਼ਰ ਦੇ ਜਨ ਨੇ ਘੋਸ਼ਣਾ ਕੀਤੀ, "ਹੇ ਲੋਕੋ! ਤੁਸੀਂ ਸਭ ਦੇ ਸਭ ਸੁਣ ਲਵੋ।"

(1 ਰਾਜਾ 22:28)

"...............ਆਦ ਤੋਂ ਅੰਤ ਤਕ ਤੂੰ ਹੀ ਪ੍ਰਮੇਸ਼ਰ ਹੈ" (ਜਬੂਰ 90 : 2)

"ਅਕਾਸ਼ ਅਤੇ ਧਰਤੀ ਟਲ ਜਾਣਗੇ ਪਰ ਮੇਰੇ ਬਚਨ ਕਦੇ ਨਾ ਟਲਣਗੇ"

(ਲੂਕਾ 21:38)

"ਪਰ ਪ੍ਰਭੂ ਦਾ ਬਚਨ ਸਦਾ ਕਾਇਮ ਰਹਿੰਦਾ ਹੈ ਅਤੇ ਇਹ ਉਹੋ ਬਚਨ ਹੈ ਜਿਹਦੀ ਖੁਸ਼ਖਬਰੀ ਤੁਹਾਨੂੰ ਸੁਣਾਈ ਗਈ ਸੀ" (1 ਪਤਰਸ 1:25)

ਕੇਵਲ ਉਹ ਹੀ ਜੋ ਕੁਝ ਪ੍ਰਮੇਸ਼ਰ ਦੇ ਵਚਨ-ਬਾਈਬਲ ਵਿੱਚ ਲਿਖਿਆ ਹੋਇਆ ਹੈ, ਸਾਡੇ ਲਈ ਮੰਨਣਯੋਗ ਹੈ। ਭਾਵੇਂ ਬਾਈਬਲ ਦੇ ਅਨੁਸਾਰ ਇਹ ਰਚਨਾ ਦੇ ਵਿਖੇ ਹੋਵੇ, ਭਾਵੇਂ ਮੁਕਤੀ ਦੀ ਯੋਜਨਾ ਵਿਖੇ ਹੋਵੇ, ਭਾਵੇਂ ਸਾਰੀਆਂ ਸਿੱਖਿਆਵਾਂ ਦੇ ਵਿਖੇ ਹੋਵੇ, ਅਸੀਂ ਪ੍ਰਮੇਸ਼ਰ ਨੂੰ ਖੁਦ ਆਪਣੇ ਵਚਨ ਦੇ ਦੁਆਰਾ ਬੋਲਦਾ ਸੁਣੀਏ। ਜਿਹੜੇ

ਪ੍ਰਮੇਸ਼ਵਰ ਤੇ ਵਿਸ਼ਵਾਸ ਨਹੀਂ ਕਰਦੇ ਅਸੀਂ ਉਹਨਾਂ ਦੇ ਵਿਚਾਰਾਂ ਅਤੇ ਅਨੁਵਾਦਾਂ ਨੂੰ ਛੱਡ ਦੇਈਏ। ਅਸੀਂ ਪਹਿਲਾਂ ਹੀ ਉਤਪੱਤੀ ਦੀ ਅਸਲੀਅਤ ਅਤੇ ਮਨੁੱਖੀ ਵਿਕਾਸ ਵਿਚਾਲੇ ਵੱਡੇ ਫਰਕ (ਅੰਤਰ) ਨੂੰ ਜਾਣਦੇ ਹਾਂ। ਜਿਹੜੇ ਇਸ ਪਹਿਲੀ ਆਇਤ ਉੱਤੇ ਕਿ "ਆਦ ਵਿੱਚ ਪ੍ਰਮੇਸ਼ਰ ਨੇ ਧਰਤੀ ਤੇ ਅਸਮਾਨਾਂ ਨੂੰ ਬਣਾਇਆ" ਵਿਸ਼ਵਾਸ਼ ਨਹੀਂ ਕਰਦੇ ਉਨਾਂ ਲਈ ਬਾਈਬਲ ਦੀ ਅਖੀਰਲੀ ਆਇਤ ਤੱਕ ਵਿਸ਼ਵਾਸ ਕਰਨਾ ਮੁਸ਼ਕਲ ਹੈ। ਜੋ ਕੁਝ ਅਨੰਤਤਾ ਵਿੱਚ ਸੀ ਅਤੇ ਅਨੰਤਤਾ ਵਿੱਚ ਹੋਣਾ ਹੈ, ਉਸਨੂੰ ਪ੍ਰਮੇਸ਼ਰ ਤੇ ਛੱਡ ਦੇਈਏ। ਅਸੀਂ ਸਮੇਂ ਦੇ ਅਰੰਭ ਵੱਲ ਵਾਪਸ ਜਾਈਏ ਮੁਢਲੇ ਰੂਪ ਵਿੱਚ ਕ੍ਰਿਪਾ ਦੇ ਸਮੇਂ ਦੇ ਅਰੰਭ ਵੱਲ:

ਇਸ ਵਿਸਥਾਰ ਵਿੱਚ ਜਾਣ ਦਾ ਸਾਡਾ ਮੁੱਖ ਮੰਤਵ ਹੇਠ ਲਿਖੀਆਂ ਸਚਾਈਆਂ ਨੂੰ ਉਤੇ ਯਥਾਸੰਭਵ ਚਾਨਣਾ ਪਾਉਣਾ ਹੈ:

1. ਪੁਰਾਣੇ ਨੇਮ ਤੋਂ ਨਵੇਂ ਨੇਮ ਤੱਕ ਦਾ ਪ੍ਰੀਵਰਤਣ ਜਾਂ ਸਫਰ।
2. ਯਿਸ਼ੂ ਮਸੀਹ ਦੀ ਕਲੀਸੀਆ ਦੀ ਬੁਨਿਆਦ ਅਤੇ ਰਸੂਲਾਂ ਦਾ ਸਮਾਂ।
3. ਨੀਸੀਆ ਦੀ ਸਭਾ ਤੱਕ ਪਹਿਲੀਆਂ ਤਿੰਨ ਸਦੀਆਂ ਦਾ ਸਮਾਂ।
4. 14ਵੀਂ ਸਦੀ ਤੱਕ ਹਨੇਰੇ ਮੱਧ ਯੁਗਾਂ ਦਾ 1000 ਸਾਲਾਂ ਦਾ ਸਮਾਂ।
5. ਸੁਧਾਰ ਅਤੇ ਅਗਲੇ 500 ਸਾਲਾਂ ਅਤੇ ਅਸਲ ਵਿੱਚ ਕੀ ਕੁਝ ਹੋਇਆ ਸੀ।
6. ਆਖਰੀ ਸੰਦੇਸ਼ ਜੋ ਮਸੀਹ ਦੀ ਵਾਪਸੀ ਤੋਂ ਪਹਿਲਾਂ ਪ੍ਰਚਾਰਿਆ ਜਾ ਰਿਹਾ ਹੈ।

ਸਭ ਤੋਂ ਪਹਿਲਾਂ ਇਹ ਜਾਣ ਲੈਣਾ ਅਤੇ ਵਿਸ਼ਵਾਸ ਕਰ ਲੈਣਾ ਬਹੁਤ ਜ਼ਰੂਰੀ ਹੈ ਕਿ ਪ੍ਰਮੇਸ਼ਰ ਜੋ ਕੁਝ ਵੀ ਕਰ ਰਿਹਾ ਹੈ, ਵਚਨ ਵਿੱਚ ਦਿੱਤੇ ਹੋਏ ਆਪਣੇ ਵਾਦਿਆਂ ਦੇ ਅਨੁਸਾਰ ਹੀ ਕਰ ਰਿਹਾ ਹੈ। "....ਤੁਸੀਂ ਆਪਣੇ ਸਾਰੇ ਮਨਾਂ ਵਿੱਚ ਅਤੇ ਆਪਣੀਆਂ ਸਾਰੀਆਂ ਜਾਨਾਂ ਵਿੱਚ ਜਾਣਦੇ ਹੋ ਭਈ ਇਹਨਾਂ ਸਾਰਿਆਂ ਚੰਗਿਆਂ ਬਚਨਾਂ ਵਿੱਚ ਇੱਕ ਬਚਨ ਵੀ ਨਾ ਰਹਿ ਗਿਆ ਜਿਹੜਾ ਯੋਹਵਾਹ ਤੁਹਾਡਾ ਪ੍ਰਮੇਸ਼ਰ ਤੁਹਾਡੇ ਵਿਖੇ ਬੋਲਿਆ। ਉਹ ਸਾਰੇ ਤੁਹਾਡੇ ਲਈ ਪੂਰੇ ਹੋਏ ਉਨਾਂ ਵਿਚੋਂ ਇੱਕ ਵੀ ਵਚਨ ਨਾ ਰਿਹਾ।" (ਯਹੋਸ਼ੁਆ 23:14)

ਜੋ ਕੁਝ ਨਬੀਆਂ ਨੇ ਆਤਮਾ ਦੀ ਪ੍ਰੇਰਣਾ ਨਾਲ ਪੁਰਾਣੇ ਨੇਮ ਵਿੱਚ ਬੋਲਿਆ, ਰਸੂਲਾਂ ਨੇ ਨਵੇਂ ਨੇਮ ਦੀ ਪਹਿਲੀ ਆਇਤ ਤੋਂ ਹੀ ਇਸਦਾ ਪੂਰਾ ਹੋਣਾ ਸਾਨੂੰ ਦਿਖਾ ਦਿੱਤਾ ਹੈ।

"ਕਿਉਂ ਜੋ ਪ੍ਰਮੇਸ਼ਰ ਦੀ ਪ੍ਰੱਤਿਗਿਆਵਾਂ ਭਾਵੇਂ ਕਿੰਨੀਆਂ ਹੀ ਹੋਣ ਉਸ ਵਿੱਚ ਹਾਂ ਹੀ ਹਾਂ ਹੈ। ਇਸ ਲਈ ਉਹਦੇ ਰਾਹੀਂ ਆਮੀਨ ਵੀ ਹੈ ਭਈ ਸਾਡੇ ਦੁਆਰਾ ਪ੍ਰਮੇਸ਼ਵਰ ਦੀ ਉਪਮਾ ਹੋਵੇ" (2 ਕੁਰੰਥੀ 1:20)

ਪੁਰਾਣੇ ਨੇਮ ਦਾ ਨਵੇਂ ਨੇਮ ਵਿੱਚ ਪ੍ਰੀਵਰਤਣ THE TRANSITION FROM THE OLD TESTAMENT TO THE NEW TESTAMENT

"ਤੁਰੇਤ ਅਤੇ ਨਬੀ ਯਹੁੰਨਾ ਤੱਕ ਸਨ, ਉਸ ਵੇਲੇ ਤੋਂ ਪ੍ਰਮੇਸ਼ਰ ਦੇ ਰਾਜ ਦੀ ਖੁਸ਼ਖਬਰੀ ਸੁਣਾਈ ਜਾਂਦੀ ਹੈ ਅਤੇ ਹਰ ਕੋਈ ਜੋਰ ਮਾਰ ਕੇ ਉਸ ਵਿੱਚ ਵੜਦਾ ਹੈ" (ਲੂਕਾ 16:16)

"ਇੱਕ ਅਵਾਜ਼ ਪੁਕਾਰਦੀ ਹੈ, ਉਜਾੜ ਵਿੱਚ ਯਹੋਵਾਹ ਦਾ ਰਾਹ ਤਿਆਰ ਕਰੋ, ਉਜਾੜ ਵਿੱਚ ਸਾਡੇ ਪ੍ਰਮੇਸ਼ਵਰ ਲਈ ਇੱਕ ਸ਼ਾਹ ਰਾਹ ਨੂੰ ਸਿੱਧਾ ਬਣਾਉ" (ਯਸਾਯਾਹ 40:3)

ਇਹ ਭੱਵਿਖਬਾਣੀ ਯਹੁੰਨਾ ਬਪਤਿਸਮਾ ਦੇਣ ਵਾਲੇ ਦੀ ਸੇਵਾ ਵਿੱਚ ਪੂਰੀ ਹੋ ਗਈ ਸੀ। ਮੱਤੀ 3:3 ਮਰਕਸ 1:3, ਲੂਕਾ 3:4, ਯਹੁੰਨਾ 1:23 ਵਿੱਚ ਇਸਦੀ ਤਸਦੀਕ ਕੀਤੀ ਗਈ ਹੈ। ਪ੍ਰਭੂ ਦਾ ਦੂਤ ਜਿਸਨੇ ਜਕਰਾਯਾਹ ਕੋਲ ਯਹੁੰਨਾ ਬਪਤਿਸਮਾ ਦੇਣ ਵਾਲੇ ਦੇ ਜਨਮ ਦੀ ਘੋਸ਼ਣਾ ਕੀਤੀ ਨੇ ਆਖਿਆ, "...ਅਤੇ ਉਹ ਆਪਣੀ ਮਾਤਾ ਦੀ ਕੁੱਖੋਂ ਹੀ ਪਵਿਤਰ ਆਤਮਾ ਨਾਲ ਭਰ ਜਾਵੇਗਾ ਅਤੇ ਇਸਰਾਈਲ ਦੀ ਔਲਾਦ ਵਿੱਚੋਂ ਬਹੁਤਿਆਂ ਨੂੰ ਉਨਾਂ ਦੇ ਪ੍ਰਮੇਸਰ ਪ੍ਰਭੂ ਦੀ ਵਲ ਮੋੜੇਗਾ। ਉਹ ਉਸਦੇ ਅੱਗੇ-ਅੱਗੇ ਏਲੀਯਾਹ ਦੇ ਆਤਮਾ ਅਰ ਬਲ ਨਾਲ ਚਲੇਗਾ ਜੋ ਪੇਵਾ ਦੇ ਦਿਲਾਂ ਨੂੰ ਬਾਲਕਾਂ ਦੀ ਵੱਲ ਅਤੇ ਬੇਮੁੱਖਾਂ ਨੂੰ ਧਰਮੀਆਂ ਦੀ ਬੁੱਧ ਵਲ ਮੋੜੇ ਭਈ ਪ੍ਰਭੂ ਦੇ ਲਈ ਸੁਧਾਰੀ ਹੋਈ ਕੌਮ ਤਿਆਰ ਕਰੇ।" (ਲੂਕਾ 1:15-17) ਆਮੀਨ

ਉਸਦੇ ਜਨਮ ਤੋਂ ਬਾਅਦ, ਉਸਦਾ ਪਿਤਾ ਯਕਰਯਾਹ ਆਤਮਾ ਨਾਲ ਭਰ ਗਿਆ ਸੀ ਅਤੇ ਉਸਨੇ ਯਹੁੰਨਾ ਬਪਤਿਸਮਾ ਦੇਣ ਵਾਲੇ ਦੀ ਸੇਵਾ ਵਿਖੇ ਨਬੀਆਨਾਂ ਸ਼ਬਦ ਬੋਲੇ: "ਨਾਲੇ ਉਹ ਸਾਡੇ ਪਿਉ ਦਾਦਿਆਂ ਉਤੇ ਦਯਾ ਕਰੇ ਅਤੇ ਆਪਣੇ ਪਵਿਤਰ ਨੇਮ ਨੂੰ ਚੇਤੇ ਰੱਖੇ" (ਲੂਕਾ 1: 72)

"ਭਈ ਉਹਦੀ ਪ੍ਰਜਾ ਨੂੰ ਮੁਕਤੀ ਦਾ ਗਿਆਨ ਦੇਵੇ, ਜਿਹੜੀ ਉਨ੍ਹਾਂ ਨੂੰ ਪਾਪਾਂ ਦੀ ਮਾਫੀ ਤੋਂ ------(ਲੂਕਾ 1:77) ਪੁਰਾਣੇ ਨੇਮ ਵਿੱਚ ਯਹੁੰਨਾ ਦੀ ਸੇਵਾ ਬਾਰੇ ਜੋ ਦੂਜਾ

ਵਾਅਦਾ ਮਲਾਕੀ 3:1 ਵਿੱਚ ਲਿਖਿਆ ਹੋਇਆ ਹੈ ਨੂੰ ਪ੍ਰਭੂ ਨੇ ਖੁੱਦ ਮੱਤੀ 11:10 ਅਤੇ ਲੂਕਾ 7:27 ਵਿੱਚ ਤਸਦੀਕ ਕੀਤਾ ਸੀ। "ਇਹ ਉਹੋ ਹੈ ਜਿਹਦੇ ਹੱਕ ਵਿੱਚ ਲਿਖਿਆ ਹੋਇਆ ਹੈ, ਵੇਖੋ, ਮੈਂ ਆਪਣਾ ਦੂਤ ਤੇਰੇ ਅੱਗੇ ਘੱਲਦਾ ਹਾਂ, ਜਿਹੜਾ ਤੇਰੇ ਅੱਗੇ ਤੇਰਾ ਰਾਹ ਤਿਆਰ ਕਰੇਗਾ।"

ਜਦੋਂ ਯਹੂੰਨਾ ਨੂੰ ਪੁੱਛਿਆ ਗਿਆ, "ਕੀ ਤੂੰ ਮਸੀਂਹ ਹੈ? ਉਸ ਆਖਿਆ "ਨਹੀਂ"। ਕੀ ਤੂੰ ਏਲੀਆ ਹੈ? "ਨਹੀਂ" ਕੀ ਤੂੰ ਨਬੀ ਹੈ? ਉਸਨੇ ਉੱਤਰ ਦਿੱਤਾ "ਨਹੀਂ" (ਯਹੂੰਨਾ 1:19-21) 23ਵੀਂ ਆਇਤ ਵਿੱਚ ਅਸੀ ਪਵਿਤਰ ਆਤਮਾ ਉਤੇ ਅਧਾਰਤ ਉਸਦੇ ਵਿਖੇ ਗਵਾਹੀ ਪੜਦੇ ਹਾਂ। ਉਸਨੇ ਆਖਿਆ, "ਮੈਂ ਉਜਾੜ ਵਿੱਚ ਹੋਕਾ ਦੇਣ ਵਾਲੇ ਦੀ ਅਵਾਜ ਹਾਂ ਕਿ ਪ੍ਰਭੂ ਦਾ ਰਸਤਾ ਸਿੱਧਾ ਕਰੋ। ਜਿਸ ਤਰਾਂ ਯਸ਼ਾਯਾਹ ਨਬੀ ਨੇ ਆਖਿਆ" (ਯਸਾਯਾਹ 40:3)

ਯਹੂੰਨਾ ਨੇ ਵਿਸ਼ਵਾਸੀ ਸਰੋਤਿਆਂ ਨੂੰ ਆਖਿਆ, "ਮੈਂ ਤਾਂ ਤੁਹਾਨੂੰ ਤੋਬਾ ਦੇ ਲਈ ਪਾਣੀ ਨਾਲ ਬਪਤਿਸਮਾ ਦਿੰਦਾ ਹਾਂ ਪਰ ਜਿਹੜਾ ਮੇਰੇ ਪਿਛੋਂ ਆਉਣ ਵਾਲਾ ਹੈ, ਉਹ ਮੈਥੋਂ ਬਲਵੰਤ ਹੈ ਅਤੇ ਮੈਂ ਉਹਦੀ ਜੁੱਤੀ ਚੁੱਕਣ ਦੇ ਯੋਗ ਨਹੀਂ ਹਾਂ, ਉਹ ਤੁਹਾਨੂੰ ਪਵਿਤਰ ਆਤਮਾ ਅਤੇ ਅੱਗ ਨਾਲ ਬਪਤਿਸਮਾ ਦੇਊ।" (ਮੱਤੀ 3:4)

ਵਾਇਦਾਸ਼ੁਦਾ ਹਲਕਾਰੇ ਦੀ ਸੇਵਾ ਦੁਆਰਾ ਪੁਰਾਣੇ ਨੇਮ ਦੇ ਪਿਤਾਵਾਂ ਦੇ ਮਨ ਸੁਧਾਰੀ ਹੋਈ ਕੋਮ ਤਿਆਰ ਕਰਨ ਲਈ, ਨਵੇਂ ਨੇਮ ਦੇ ਬਾਲਕਾਂ ਵੱਲ ਫੇਰੇ ਗਏ ਸਨ। ਵਾਇਦੇ ਦੇ ਨਬੀ ਦੇ ਸੰਦੇਸ਼ (ਪੈਗਾਮ) ਨੂੰ ਸੁਨਣਾ, ਉਸਤੇ ਵਿਸ਼ਵਾਸ ਕਰਨਾ ਅਤੇ ਬਪਤਿਸਮਾ ਪਾਉਣਾ ਅਤਿ ਅਵਸ਼ੱਕ ਸੀ।

ਯਿਸ਼ੂ ਨੇ ਯਹੂੰਨਾ ਦੀ ਸੇਵਾ ਨੂੰ ਰੱਦਣ ਵਾਲੇ ਫੱਕੀਆਂ ਅਤੇ ਫਰੀਸੀਆਂ ਨੂੰ ਲੋਕਾਂ ਦੇ ਸਾਹਮਣੇ ਇਨਾਂ ਸ਼ਬਦਾਂ ਨਾਲ ਝਿੜਕਿਆ: "ਪਰ ਫਰੀਸੀਆਂ ਅਤੇ ਸਰਾ ਦੇ ਸਿਖਾਉਣ ਵਾਲਿਆਂ ਨੇ ਉਸ ਕੋਲੋਂ ਬਪਤਿਸਮਾ ਨਾ ਲੈ ਕੇ ਆਪਣੇ ਲਈ ਪ੍ਰਮੇਸ਼ਰ ਦੀ ਜੁਗਤ ਨੂੰ ਟਾਲ ਦਿੱਤਾ।" (ਲੂਕਾ 7:30)

**ਇੱਕ ਅਵਾਜ ਉੱਚੀ ਪੁਕਾਰ ਰਹੀ ਹੈ:** ਸਰਾ ਨੂੰ ਮੰਨਣਾ, ਪਵਿਤਰ ਲਿਖਤਾਂ ਪੜਨਾਂ, ਮੁਕਤੀ ਦੀ ਅਲੋਕਿਕ ਯੋਜਨਾ ਬਾਰੇ ਗੱਲਬਾਤ ਕਰਨਾ, ਮਸੀਹ ਅਤੇ ਉਸਦੇ ਹਲਕਾਰੇ ਏਲੀਆ ਦੀ ਆਮਦ ਦਾ ਪ੍ਰਚਾਰ ਕਰਨਾ, ਜਬੂਰ ਗਾਉਣੇ, ਸੱਬਤ ਨੂੰ ਮੰਨਣਾ, ਬਲੀਆਂ ਦੇਣੀਆਂ ਪਰ ਫਿਰ ਵੀ ਮਸੀਹ ਅਤੇ ਉਹਦੇ ਹਲਕਾਰੇ ਦਾ ਇਨਕਾਰੀ ਹੋ ਜਾਣਾ ਅਤੇ

ਕ੍ਰਿਪਾ ਦੇ ਮੌਕੇ ਨੂੰ ਨਾ ਪਹਿਚਾਨਣਾ ।(ਲੂਕਾ 19:42-44) ਸਾਡੇ ਸਿੱਖਣ ਲਈ ਇੱਕ ਵੱਡਾ ਸਬਕ ਹੈ : ਕੇਵਲ ਉਹ ਹੀ ਜਿੰਨਾ ਨੇ ਹਲਕਾਰੇ ਦੇ ਪੈਗਾਮ ਦਾ ਵਿਸ਼ਵਾਸ ਕੀਤਾ ਅਤੇ ਬਪਤਿਸਮਾ ਪਾਇਆ, ਮਸੀਹ ਨੂੰ ਗ੍ਰਹਿਣ ਕਰਨ ਅਤੇ ਉਸਨੂੰ ਪਹਿਚਾਣ ਲੈਣ ਦੇ ਯੋਗ ਠਹਿਰੇ ਸਨ।

"ਤਿਵੇਂ ਅਸੀਂ ਵੀ ਜਦ ਬਾਲਕ ਸਾਂ ਤਦ ਸੰਸਾਰੀ ਮੂਲ ਗੱਲਾਂ ਦੇ ਬੰਧਨ ਵਿੱਚ ਸਾਂ। ਪਰ ਜਾਂ ਸਮਾਂ ਪੂਰਾਂ ਹੋਇਆ ਤਾਂ ਪ੍ਰਮੇਸ਼ਵਰ ਨੇ ਆਪਣੇ ਪੁੱਤਰ ਨੂੰ ਘੱਲਿਆ ਜਿਹੜਾ ਤੀਵੀਂ ਤੋਂ ਜੰਮਿਆ ਅਤੇ ਸ਼ਰਾ ਦੇ ਮਤਹਿਤ ਜੰਮਿਆ। ਇਸ ਲਈ ਜੋ ਮੁਲ ਦੇ ਕੇ ਉਹਨਾਂ ਨੂੰ ਜਿਹੜੇ ਸਰਾ ਮਤਹਿਤ ਹਨ ਛੁਡਾਵੇ ਭਈ ਲੇਪਾਲਕ ਪੁੱਤਰ ਹੋਣ ਦੀ ਪਦਵੀ ਸਾਨੂੰ ਪ੍ਰਾਪਤ ਹੋਵੇ। ਅਤੇ ਤੁਸੀਂ ਜੋ ਪੁੱਤਰ ਹੋ ਹੈ ਇਸੇ ਕਾਰਨ ਪ੍ਰਮੇਸਵਰ ਨੇ ਆਪਣੇ ਪੁੱਤਰ ਦੇ ਆਤਮਾ ਨੂੰ ਸਾਡੇ ਦਿਲਾਂ ਵਿੱਚ ਘੱਲ ਦਿੱਤਾ ਜਿਹੜਾ "ਅੱਬਾ", ਅਰਥਾਤ "ਹੇ ਪਿਤਾ" ਪੁਕਾਰਦਾ ਹੈ।(ਗਲਤੀਆਂ 4:3-6)

ਜਦ ਜਕਰੀਆ 9:9 ਵਾਲਾ ਵਾਦਾ ਪੂਰਾ ਹੋਇਆ ਅਤੇ ਪ੍ਰਭੂ ਗਧੀ ਦੇ ਬੱਚੇ ਉਤੇ ਸਵਾਰ ਹੋ ਕੇ ਯਰੂਸ਼ਲਮ ਵਿੱਚ ਦਾਖਲ ਹੋਇਆ (ਲੂਕਾ 19:28-44) ਵਿਸ਼ਵਾਸ਼ੀ ਅਨੰਦਤ ਹੋਏ ਅਤੇ ਨਾ ਅਰੇ ਮਾਰੇ "ਭਈ ਮੁਬਾਰਕ ਹੈ ਉਹ ਪਾਤਸ਼ਾਹ ਜਿਹੜਾ ਪ੍ਰਭੂ ਦੇ ਨਾਮ ਤੇ ਆਉਂਦਾ ਹੈ।" ਆਤਮਕ ਅੱਖਾਂ ਤੋਂ ਅੰਨੇ ਫਰੀਸੀਆਂ ਨੇ ਲੋਕਾਂ ਨੂੰ ਵਡਿਆਈ ਮਹਿਮਾ ਕਰਨ ਤੋਂ ਰੋਕਿਆ, ਪਰ ਮੁਕਤੀਦਾਤਾ ਨੇ ਉਤਰ ਦਿੱਤਾ, "ਜੇ ਇਹ ਚੁੱਪ ਕਰ ਜਾਣ ਤਾਂ ਪੱਥਰ ਬੋਲ ਉਠਣਗੇ" ਤਦ ਉਸਨੇ ਯਰੂਸਲਮ ਵਲ ਵੇਖਿਆ ਅਤੇ ਆਪਣੇ ਦੁੱਖ ਦੇ ਕਾਰਨ ਰੋਇਆ: "ਜਾਂ ਨੇੜੇ ਆਇਆ ਤਦ ਉਸ ਯਰੂਸਲਮ ਵੱਲ ਵੇਖਿਆ, ਉਸ - ਉਤੇ ਰੋਇਆ ਅਤੇ ਆਖਿਆ, "ਕਾਸ਼ ਕਿ ਤੂੰ ਅੱਜ ਸ਼ਾਂਤੀ ਦੀਆਂ ਗੱਲਾਂ ਜਾਣਦਾ ਪਰ ਹੁਣ ਉਹ ਤੇਰੀਆਂ ਅੱਖਾਂ ਤੋਂ ਲੁਕੀਆਂ ਹੋਈਆਂ ਹਨ।" "ਕਿਉਂਕਿ ਉਹ ਦਿਨ ਤੇਰੇ ਉਤੇ ਆਉਣਗੇ ਜਾਂ ਤੇਰੇ ਵੈਰੀ ਤੇਰੇ ਗਿਰਦੇ ਮੋਰਚਾ ਬੰਨਣਗੇ ਅਤੇ ਤੈਨੂੰ ਘੇਰ ਲੈਣਗੇ ਅਤੇ ਚੁਫੇਰਿਉਂ ਤੈਨੂੰ ਰੋਕਣਗੇ। ਅਰ ਤੇਰੇ ਬੱਚਿਆਂ ਸਣੇ ਜੋ ਤੇਰੇ ਵਿੱਚ ਹਨ ਤੈਨੂੰ ਧਰਤੀ ਉਤੇ ਪਟਕਾ ਦੇਣਗੇ ਅਰ ਤੇਰੇ ਵਿੱਚ ਪੱਥਰ ਉੱਤੇ ਪੱਥਰ ਨਾ ਛੱਡਣਗੇ ਇਸ ਲਈ ਜੋ ਤੈਂ ਆਪਣੀ ਭਲਿਆਈ ਦੇ ਮੌਕੇ ਨੂੰ ਨਾ ਜਾਣਿਆ" (ਲੂਕਾ 19:41-44) ਇਹ ਯਰੂਸਲਮ ਉਤੇ ਆਉਣ ਵਾਲੇ ਨਿਆਂ ਦਾ ਐਲਾਨ ਸੀ।

ਸੰਨ 70 ਵਿੱਚ ਰੋਮੀ ਜਨਰਲ ਤੀਤੁਸ ਨੇ ਆਪਣੀਆਂ ਸੇਨਾਵਾਂ ਨਾਲ ਮੰਦਰ ਅਤੇ

ਯਰੂਸਲਮ ਨੂੰ ਤਬਾਹ ਕਰ ਦਿੱਤਾ। ਹੁਣ ਵੀ ਪ੍ਰਮੇਸਰ ਦੇ ਇਸ ਸਮੇਂ ਲਈ ਕੀਤੇ ਵਾਅਦੇ ਵਿੱਚ ਭਾਈਵਾਲ ਹੋਣਾ ਅੱਤ ਮਹੱਤਵਪੂਰਨ ਹੈ।

**ਇੱਕ ਅਵਾਜ ਉੱਚੀ ਪੁਕਾਰ ਰਹੀ ਹੈ:-** ਆਦਮ ਅਤੇ ਹਵਾ ਤੋਂ ਲੈਕੇ 4000 ਸਾਲ ਬੀਤ ਚੁੱਕੇ ਹਨ ਇਨਾਂ ਵਰਿਆਂ ਦੌਰਾਨ ਉਹ ਵਾਅਦਾ ਸ਼ੁਦਾ ਮੁਕਤੀਦਾਤੇ ਦੀ, ਜਿਸਨੇ ਪ੍ਰਮੇਸ਼ਵਰ ਦੀ ਅੰਸ ਹੋ ਕੇ ਆਉਣਾ ਸੀ, ਦੀ ਉਡੀਕ ਕਰਦੇ ਰਹੇ। (ਉਤਪੱਤ 3:15) ਜਦੋਂ ਵਾਅਦਾ ਪੂਰਾ ਹੋਣ ਦਾ ਸਮਾਂ ਆ ਗਿਆ, ਆਤਮਕ ਲੀਡਰਾਂ ਅਤੇ ਉਨਾਂ ਲੋਕਾਂ ਨੇ ਜਿਹੜੇ ਆਗੂਆਂ ਉਤੇ ਵਿਸ਼ਵਾਸ ਕਰਦੇ ਸਨ, ਪ੍ਰਮੇਸਰ ਦੀ ਕ੍ਰਿਪਾ ਦੇ ਦਿਨ (ਸਮੇਂ) ਨੂੰ ਪਛਾਣਿਆ। ਅੰਨੇ ਧਾਰਮਿਕ ਆਗੂ ਅੰਨਿਆ ਦੀਆਂ ਗਵਾਹੀ ਕਰ ਰਹੇ ਸਨ: ਉਨ੍ਹਾਂ ਨੇ ਲਿਖਤਾਂ ਦੇ ਆਪਣੇ ਅਨੁਵਾਦ ਨਾਲ ਲੋਕਾਂ ਨੂੰ ਗੁਮਰਾਹ ਕਰ ਦਿੱਤਾ। ਜਿੰਨਾ ਨੇ ਮਸੀਹ ਵਿੱਚ ਵਿਸ਼ਵਾਸ ਨਾ ਕੀਤਾ ਉਨਾ ਦੇ ਵਿਖੇ ਆਖਿਆ ਗਿਆ ਹੈ, "ਉਹ ਆਪਣਿਆਂ ਦੇ ਕੋਲ ਆਇਆ ਅਤੇ ਉਸਦੇ ਆਪਣਿਆਂ ਨੇ ਉਸਨੂੰ ਸਵੀਕਾਰ ਨਾ ਕੀਤਾ"। ਫਿਰ ਵੀ ਵਿਸ਼ਵਾਸ ਕਰਨ ਵਾਲਿਆਂ ਲਈ ਇਹ ਲਿਖਿਆ ਗਿਆ: "ਪਰ ਜਿੰਨਿਆਂ ਨੇ ਉਸ ਨੂੰ ਕਬੂਲ ਕੀਤਾ ਉਸਨੇ ਉਨਾਂ ਨੂੰ ਪ੍ਰਮੇਸ਼ਵਰ ਦੇ ਪੁੱਤਰ ਹੋਣ ਦਾ ਹੱਕ ਦਿੱਤਾ ਅਰਥਾਤ ਜਿੰਨ੍ਹਾ ਨੇ ਉਸਦੇ ਨਾਮ ਉਤੇ ਨਿਹਚਾ ਕੀਤੀ" (ਯਹੁੰਨਾ 1:11-12) ਅਧੀਨ। ਅਰੰਭ ਤੋਂ ਇਸੇ ਤਰਾਂ ਸੀ। ਹਰ ਇੱਕ ਕਲੀਸੀਆ ਯੁਗ ਵਿੱਚ ਇਸੇ ਤਰ੍ਹਾਂ ਸੀ, ਅੱਜ ਵੀ ਇਸੇ ਤਰ੍ਹਾਂ ਹੈ।

'The Founding of The Church of Jesus Christ in Jerusalem'

**ਯਰੂਸਲਮ ਵਿੱਚ ਮਸੀਹ ਯਿਸੂ ਦੀ ਕਲੀਸੀਆ ਦੀ ਸਥਾਪਤੀ**

ਕਲੀਸੀਆ ਦੀ ਸਥਾਪਨਾ ਪਵਿੱਤਰ ਆਤਮਾ ਦੇ ਉਡੇਲੇ ਜਾਣ ਤੋਂ ਅਲੌਕਿਕ ਤਰੀਕੇ ਨਾਲ ਹੋਈ। ਕਰੱਤਵ 1 ਵਿੱਚ ਸਾਨੂੰ ਦੱਸਿਆ ਗਿਆ ਕਿ ਜੀਆ ਉਠੇ ਛੁਡਾਉਣ ਵਾਲੇ ਨੇ 40 ਦਿਨ ਆਪਣੇ ਚੇਲਿਆਂ ਨਾਲ ਬੀਤਾਏ ਅਤੇ ਉਨਾਂ ਨਾਲ ਪ੍ਰਮੇਸਵਰ ਦੇ ਰਾਜ ਵਿਖੇ ਗੱਲਾਂ ਕੀਤੀਆਂ (1:3) ਇਸ ਦੌਰਾਨ ਉਸਨੇ ਵਾਅਦੇ ਨੂੰ ਵੀ ਦੁਹਰਾਇਆ: "ਕਿਉਂ ਜੋ ਯਹੁੰਨਾ ਨੇ ਤਾਂ ਪਾਣੀ ਨਾਲ ਬਪਤਿਸਮਾ ਦਿੱਤਾ ਪਰ ਥੋੜੇ ਦਿਨਾਂ ਪਿਛੋਂ ਤੁਹਾਨੂੰ ਪਵਿਤਰ ਆਤਮਾ ਨਾਲ ਬਪਤਿਸਮਾ ਦਿੱਤਾ ਜਾਵੇਗਾ" (1:5) ਲੂਕਾ 24:36-51 ਵਿੱਚ ਜੀਅ ਉਠੇ ਪ੍ਰਭੂ ਨੇ ਆਪਣੇ ਚੇਲਿਆਂ ਨੂੰ ਪੁਰਾਣੇ ਨੇਮ ਦੀਆਂ ਪੂਰੀਆਂ ਹੋ ਚੁੱਕੀਆਂ ਲਿਖਤਾਂ ਵਿਖਾਈਆਂ। ਉਸ ਨੇ ਉਨਾਂ ਦੀ ਆਤਮਕ ਬੁੱਧ ਨੂੰ ਖੋਲ੍ਹ

ਦਿੱਤਾ, ਇਸ ਲਈ ਉਹ ਉਸਦੇ ਦੁੱਖ ਉਠਾਉਣ ਨਾਲ, ਉਸਦੀ ਮੌਤ ਅਤੇ ਉਸਦੇ ਜੀਅ ਉਠਣ ਨਾਲ ਸਬੰਧ ਰੱਖਦੀਆਂ ਸਾਰੀਆਂ ਭਵਿਖ ਬਾਣੀਆਂ ਨੂੰ ਸਮਝ ਗਏ। ਉਸਨੇ ਆਖਿਆ, "ਇਉਂ ਲਿਖਿਆ ਹੋਇਆ ਹੈ ਜੋ ਮਸੀਹ ਦੁੱਖ ਝੱਲੇਗਾ ਅਰ ਤੀਏ ਦਿਨ ਮੁਰਦਿਆਂ ਵਿਚੋਂ ਫਿਰ ਜੀਅ ਉਠੇਗਾ ਅਤੇ ਯਰੂਸਲਮ ਤੋਂ ਲੈ ਕੇ ਸਾਰੀਆਂ ਕੌਮਾਂ ਵਿੱਚ ਉਹਦੇ ਨਾਮ ਉੱਤੇ ਤੋਬਾ ਅਰ ਪਾਪਾਂ ਦੀ ਮਾਫੀ ਦਾ ਪ੍ਰਚਾਰ ਕੀਤਾ ਜਾਵੇਗਾ" ਅਤੇ ਨਾਲ ਇਹ ਸ਼ਬਦ: "ਅਤੇ ਵੇਖੋ ਮੈਂ ਆਪਣੇ ਪਿਤਾ ਦਾ ਕਰਾਰ ਤੁਹਾਡੇ ਉੱਤੇ ਘੱਲਦਾ ਹਾਂ ਪਰ ਜਦ ਤੀਕਰ ਤੁਸੀਂ ਉਪਰੋਂ ਸ਼ਕਤੀ ਨਾ ਪਾਉ ਸ਼ਹਿਰ ਵਿੱਚ ਰਹੋ।" (ਲੂਕਾ 24: 46-47,49)

ਇਸ ਤੋਂ ਪਿੱਛੋਂ ਉਹ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਅਸਮਾਨ ਉਤੇ ਉਠਾ ਲਿਆ ਗਿਆ। (ਲੂਕਾ 24:51 ਕਰੱਤਵ 1:9)

ਪਵਿਤਰ ਆਤਮਾ ਨਾਲ ਭਰ ਜਾਣ ਉਪਰੰਤ ਰਸੂਲ ਪਤਰਸ ਨੇ ਪੈਤੇ ਕੁਸ਼ਤ ਦੇ ਦਿਨ ਗਵਾਹੀ ਦਿੱਤੀ: "ਪਰ ਇਹ ਉਹ ਗੱਲ ਹੈ ਜੋ ਯੋਏਲ ਨਬੀ ਦੀ ਜੁਬਾਨੀ ਕਹੀ ਗਈ ਸੀ - ਪ੍ਰਮੇਸ਼ਰ ਆਖਦਾ ਹੈ ਅੰਤ ਦੇ ਦਿਨਾਂ ਵਿੱਚ ਐਉ ਹੋਵੇਗਾ ਜੋ ਮੈਂ ਆਪਣੇ ਆਤਮੇ ਵਿਚੋਂ ਸਾਰੇ ਸਰੀਰਾਂ ਉਤੇ ਵਹਾ ਦਿਆਂਗਾ, ਅਤੇ ਤੁਹਾਡੇ ਪੁੱਤਰ ਅਰ ਤੁਹਾਡੀਆਂ ਧੀਆਂ ਅਗੰਮਵਾਕ ਕਰਨਗੇ, ਅਤੇ ਤੁਹਾਡੇ ਜੁਆਨ ਦਰਸ਼ਣ ਵੇਖਣਗੇ ਅਤੇ ਤੁਹਾਡੇ ਬੁੱਢੇ ਸੁਫਨੇ ਵੇਖਣਗੇ...........।" (ਕਰਤੱਵ 2:16-17)

ਪਤਰਸ ਨੇ ਪਹਿਲਾ ਪ੍ਰਚਾਰ ਪਵਿੱਤਰ ਆਤਮਾ ਦੀ ਸਿੱਧੀ ਪ੍ਰੇਰਣਾ ਦੇ ਅਧੀਨ ਪ੍ਰਚਾਰਿਆ। 37 ਤੋਂ 41 ਆਇਤ ਸਾਨੂੰ ਦਸਦੀ ਹੈ ਕਿ ਜਦ ਲੋਕਾਂ ਦੀ ਭੀੜ ਨੇ ਪ੍ਰਚਾਰ ਨੂੰ ਸੁਣਿਆ ਤਾਂ ਕੀ ਕੁਝ ਹੋਇਆ ਸੀ: "ਜਾਂ ਉਨਾਂ ਨੇ ਇਹ ਸੁਣਿਆ ਤਾਂ ਉਨਾਂ ਦੇ ਦਿਲ ਛਿੱਦ ਗਏ ਅਤੇ ਪਤਰਸ ਅਰ ਬਾਕੀ ਦੇ ਰਸੂਲਾਂ ਨੂੰ ਕਿਹਾ ਕਿ ਹੇ ਭਾਈਓ ਅਸੀਂ ਕੀ ਕਰੀਏ? ਤਦ ਪਤਰਸ ਨੇ ਉਨਾਂ ਨੂੰ ਆਖਿਆ ਤੋਬਾ ਕਰੋ ਅਤੇ ਤੁਹਾਡੇ ਵਿਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫੀ ਦੇ ਲਈ ਯਿਸ਼ੂ ਮਸੀਹ ਦੇ ਨਾਮ ਉਤੇ ਬਪਤਿਸਮਾ ਲਵੇ ਤਾਂ ਪਵਿਤਰ ਆਤਮਾ ਦਾ ਦਾਨ ਪਾਓਗੇ। ਕਿਉਂਕਿ ਇਹ ਕਰਾਰ ਤੁਹਾਡੇ ਅਰ ਤੁਹਾਡੇ ਬਾਲਕਾਂ ਦੇ ਨਾਲ ਹੈ ਅਤੇ ਉਨਾਂ ਸਭਨਾਂ ਨਾਲ ਜਿਹੜੇ ਦੂਰ ਹਨ ਜਿੰਨਿਆ ਨੂੰ ਪ੍ਰਭੂ ਸਾਡਾ ਪ੍ਰਮੇਸ਼ਰ ਆਪਣੇ ਕੋਲ ਬੁਲਾਵੇ" ਪਹਿਲੇ ਪ੍ਰਚਾਰ ਉਤੇ ਸੁਨਣ ਵਾਲਿਆਂ ਨੇ ਵਿਸ਼ਵਾਸ ਕੀਤਾ ਅਤੇ ਬਪਤਿਸਮੇ ਦੁਆਰਾ ਆਗਿਆਕਾਰੀ ਆਈ: "ਸੋ ਜਿੰਨ੍ਹਾ

ਉਹਦੀ ਗੱਲ ਮੰਨ ਲਈ ਉਹਨਾਂ ਨੇ ਬਪਤਿਸਮਾ ਲਿਆ ਅਤੇ ਉਸੇ ਦਿਨ ਤਿੰਨ ਕੁ ਹਜ਼ਾਰ ਜਣੇ ਉਨਾਂ ਵਿੱਚ ਰਲ ਗਏ।" (ਕਰਤੱਵ 2:37-41)

**ਇੱਕ ਅਵਾਜ਼ ਉੱਚੀ ਪੁਕਾਰ ਰਹੀ ਹੈ:** ਹੇ, ਲੋਕੋ ਤੁਹਾਡੇ ਵਿੱਚੋਂ ਹਰ ਇੱਕ ਸੁਣ ਲਵੇ: ਪੈਂਤੇਕੁਸ਼ਤ ਦੇ ਦਿਨ ਮੂਲ ਪ੍ਰਚਾਰ ਪ੍ਰਚਾਰਿਆ ਗਿਆ ਸੀ, ਜਿਹੜਾ ਰਸੂਲੀ ਯੁਗ ਦੌਰਾਨ ਹਰ ਕਿਤੇ ਮੰਨਣਯੋਗ ਸੀ ਅਤੇ ਯਿਸੂ ਮਸੀਹ ਦੀ ਕਲੀਸੀਆ ਵਿੱਚ ਅੱਜ ਤੱਕ ਮੰਨਣਯੋਗ ਹੈ। ਨਵੇਂ ਨੇਮ ਦੇ ਪਹਿਲੇ ਦਿਨ ਦੀ ਪਹਿਲੀ ਘੜੀ ਤੋਂ ਹੀ, ਪੁਰਾਣੇ ਨੇਮ ਵਿਚੱਲੀ ਹਰ ਉਹ ਗੱਲ ਜੋ ਮੁਕਤੀ ਦੀ ਯੋਜਨਾ ਨਾਲ ਸਬੰਧਤ ਸੀ ਅਤੇ ਠਹਿਰਾਈ ਹੋਈ ਸੀ, ਪੂਰੀ ਹੋਈ। ਪੌਲੁਸ ਨੇ ਇਸ ਤੱਥ ਦੀ ਗਵਾਹੀ ਆਪਣੀ ਪਹਿਲੀ ਪੱਤਰੀ ਵਿੱਚ ਦਿੱਤੀ ਹੈ : "ਲਿਖਤੁਸ ਪੌਲੁਸ ਯਿਸੂ ਮਸੀਹ ਦਾ ਦਾਸ ਜਿਹੜਾ ਰਸੂਲ ਬਨਣ ਲਈ ਸੱਦਿਆ ਗਿਆ ਅਤੇ ਪ੍ਰਮੇਸ਼ਰ ਦੀ ਖੁਸ਼ਖਬਰੀ ਦੇ ਲਈ ਵੱਖਰਾ ਕੀਤਾ ਗਿਆ। ਜਿਹਦਾ ਉਨ ਆਪਣੇ ਨਬੀਆਂ ਦੇ ਰਾਹੀਂ ਧਰਮ ਪੁਸਤਕ ਵਿੱਚ ਅਗੋਂ ਹੀ ਬਚਨ ਦਿੱਤਾ ਸੀ-----।" (ਰੋਮੀਆਂ 1:1-2) ਆਮੀਨ

ਘੁਮੱਕੜ (Evangelist) ਪ੍ਰਚਾਰਕ ਫਿਲਪੁਸ ਨੇ ਸਾਮਰੀਆ ਵਿੱਚ ਪ੍ਰਚਾਰ ਕੀਤਾ: "ਪਰ ਜਾਂ ਉਨਾਂ ਨੇ ਫਿਲਿਪੁੱਸ ਦੀ ਪ੍ਰਤੀਤ ਕੀਤੀ ਜੋ ਪ੍ਰਮੇਸਰ ਦੇ ਰਾਜ ਅਤੇ ਯਿਸ਼ੂ ਮਸੀਹ ਦੇ ਨਾਮ ਦੀ ਖੁਸ਼ਖਬਰੀ ਸੁਣਾਉਂਦਾ ਸੀ ਤਾਂ ਮਨੁੱਖ ਨਾਲੇ ਤੀਵੀਆਂ ਬਪਤਿਸਮਾ ਲੈਣ ਲੱਗੇ" (ਕਰਤੱਵ 8:12)

ਇਹ ਸੁਣਕੇ ਰਸੂਲ ਯਰੂਸਲਮ ਤੋਂ ਆਏ ਅਤੇ "...ਉਨਾਂ ਦੇ ਲਈ ਪ੍ਰਾਰਥਨਾ ਕੀਤੀ ਭਈ ਉਹ ਪਵਿਤਰ ਆਤਮਾ ਪਾਉਣ। ਕਿਉਂ ਜੋ ਉਹ ਅਜੇ ਤੀਕਰ ਉਨਾਂ ਵਿਚੋਂ ਕਿਸੇ ਤੇ ਨਾ ਉਤਰਿਆ ਸੀ ਪਰ ਨਿਰਾ ਉਹਨਾਂ ਪ੍ਰਭੂ ਯਿਸ਼ੂ ਦੇ ਨਾਮ ਉਤੇ ਬਪਤਿਸਮਾ ਲਿਆ ਸੀ" (ਕਰਤੱਵ 8: 15-16)

ਰਸੂਲਾ ਦੇ ਕਰਤੱਵ 10 ਅਧਿਆਏ ਵਿੱਚ ਪਤਰਸ ਨੇ ਰੋਮੀ ਸੂਬੇਦਾਰ ਕਰਨੇਲੀਅਸ ਦੇ ਘਰ ਵਿੱਚ ਮਸੀਹ ਯਿਸ਼ੂ ਤੋਂ ਮੁਕਤੀ ਦਾ ਸੰਦੇਸ਼ ਪ੍ਰਚਾਰਿਆ : "ਅਤੇ ਉਹ ਨੇ ਸਾਨੂੰ ਆਗਿਆ ਦਿੱਤੀ ਭਈ ਲੋਕਾਂ ਦੇ ਅੱਗੇ ਪ੍ਰਚਾਰ ਕਰੋ ਅਤੇ ਸਾਖੀ ਦਿਉ ਜੋ ਇਹ ਉਹੋ ਹੈ ਜਿਹੜਾ ਪ੍ਰਮੇਸ਼ਰ ਦੀ ਵਲੋਂ ਠਹਿਰਾਇਆ ਹੋਇਆ ਹੈ ਭਈ ਜਿਉਦਿਆਂ ਅਤੇ ਮੋਇਆਂ ਦਾ ਨਿਆਉਂ ਕਰਨ ਵਾਲਾ ਹੋਵੇ। ਉਹ ਦੇ ਉਤੇ ਸਭ ਨਬੀ ਸਾਖੀ ਦਿੰਦੇ ਹਨ ਕਿ ਜੇ ਕੋਈ ਉਹਦੇ ਉਤੇ ਨਿਹਚਾ ਕਰੇ ਸੋ ਉਹਦੇ ਨਾਮ ਕਰਕੇ ਪਾਪਾਂ ਦੀ ਮਾਫੀ

ਪਾਵੇਗਾ... ਕੀ ਕੋਈ ਪਾਣੀ ਨੂੰ ਰੋਕ ਸਕਦਾ ਹੈ? ਕਿ ਇਹਨਾਂ ਲੋਕਾਂ ਨੂੰ ਜਿੰਨਾ ਸਾਡੇ ਵਾਂਗੂ ਪਵਿੱਤਰ ਆਤਮਾ ਪਾਇਆ ਹੋਇਆ ਹੈ ਬਪਤਿਸਮਾ ਨਾ ਦਿੱਤਾ ਜਾਵੇ।" (ਕਰਤੱਵ 10: 42-48)

ਅਸੀਂ ਕਰਤੱਵ 19:5-6+11 ਵਿੱਚ ਪੜ੍ਹਦੇ ਹਾਂ ਜਦ ਪੌਲੁਸ ਨੇ ਅਫਸੁਸ ਵਿੱਚ ਯਹੁੰਨਾ ਦੇ ਚੇਲਿਆਂ ਨੂੰ ਪ੍ਰਚਾਰ ਕੀਤਾ : "ਇਹ ਸੁਣਕੇ ਉਨਾਂ ਨੇ ਪ੍ਰਭੂ ਯਿਸੂ ਦੇ ਨਾਮ ਵਿੱਚ ਬਪਤਿਸਮਾ ਲਿਆ ਅਤੇ ਜਾਂ ਪੌਲੂਸ ਨੇ ਉਨਾਂ ਉਤੇ ਹੱਥ ਧਰੇ ਤਾਂ ਪਵਿਤਰ ਆਤਮਾ ਉਨਾਂ ਉਤੇ ਉੱਤਰਿਆ ਅਰ ਉਹ ਬੋਲੀਆਂ ਬੋਲਣ ਅਤੇ ਅਗੰਮ ਵਾਕ ਕਰਨ ਲੱਗੇ ........... ਪ੍ਰਮੇਸ਼ਰ ਪੌਲੂਸ ਦੇ ਹੱਥੋਂ ਅਨੋਖੀਆਂ ਕਰਾਮਾਤਾਂ ਵਿਖਾਲਦਾ ਸੀ।" (ਕਰਤੱਵ 19:11)

ਜਦੋਂ ਤੱਕ ਪ੍ਰਭੂ ਯਿਸ਼ੂ ਮਸੀਹ ਦੀ ਕਲੀਸੀਆ ਧਰਤੀ ਉੱਤੇ ਹੈ, ਉਦੋਂ ਤੱਕ ਜੋ ਕੁਝ ਪਤਰਸ ਨੇ ਪੈਤੇਕੁਸ਼ਤ ਦੇ ਦਿਨ ਐਲਾਨ ਕੀਤਾ ਹੈ, ਧਰਤੀ ਦੇ ਸਾਰੇ ਵਿਸਵਾਸ਼ੀਆਂ ਲਈ ਮੰਨਣਯੋਗ ਹੈ। "ਕਿਉਂਕਿ ਇਹ ਕਰਾਰ ਤੁਹਾਡੇ ਅਰ ਤੁਹਾਡੇ ਬਾਲਕਾਂ ਦੇ ਨਾਲ ਹੈ ਅਤੇ ਉਹਨਾਂ ਸਭਨਾਂ ਨਾਲ ਜਿਹੜੇ ਦੂਰ ਹਨ, ਜਿੰਨਿਆਂ ਨੂੰ ਪ੍ਰਭੂ ਸਾਡਾ ਪ੍ਰਮੇਸ਼ਵਰ ਆਪਣੇ ਕੋਲ ਬੁਲਾਵੇ।"(ਕਰਤੱਵ 2:39)

**ਇੱਕ ਅਵਾਜ਼ ਉੱਚੀ ਪੁਕਾਰ ਰਹੀ ਹੈ:-** ਯਿਸੂ ਮਸੀਹ ਦੀ ਕਲੀਸੀਆ ਵਿੱਚ ਪਹਿਲਾ ਸੰਦੇਸ਼ ਅਤੇ ਆਖਰੀ ਸੰਦੇਸ਼ ਪਹਿਲਾ ਬਪਤਿਸਮਾ ਅਤੇ ਆਖਰੀ ਬਪਤਿਸਮਾ ਇੱਕੋ ਜਿਹੇ ਹੋਣੇ ਬੜੀ ਜ਼ਰੂਰੀ ਹਨ। ਖੁਸ਼ਖਬਰੀ ਦੀ ਮੁਨਾਦੀ ਕਰਨ ਲਈ ਇਹ ਸਦੀਪਕ ਨਮੂਨਾ ਹੈ: ਨਿਹਚਾ, ਬਪਤਿਸਮਾ, ਪਵਿੱਤਰ ਆਤਮਾ ਦਾ ਬਪਤਿਸਮਾ। ਜੋ ਕੁਝ ਜਿਉਂਦੇ ਪ੍ਰਮੇਸ਼ਵਰ ਦੀ ਕਲੀਸੀਆ ਦੀ ਨੀਂਹ ਰੱਖਣ ਵੇਲੇ ਸਿਖਾਇਆ ਗਿਆ ਅਤੇ ਅਮਲ ਵਿੱਚ ਲਿਆਦਾ ਗਿਆ ਸੀ, ਨਵੇਂ ਨੇਮ ਦੇ ਅੰਤ ਤੱਕ ਸਾਡਾ ਮਾਰਗ ਦਰਸ਼ਨ ਕਰੇਗਾ।

ਪੋਲੂਸ ਰਸੂਲ ਨੇ ਕਲੀਸੀਆ ਦੇ ਵਿਖੇ ਗਵਾਹੀ ਦਿੱਤੀ ਕਿ "...ਰਸੂਲਾਂ ਅਤੇ ਨਬੀਆਂ ਦੀ ਨੀਂਹ ਉਤੇ ਬਣੇ ਹੋਏ ਹੋ ਜਿਹਦੇ ਖੂੰਜੇ ਦਾ ਪੱਥਰ ਆਪ ਮਸੀਹ ਯਿਸੂ ਹੈ...।" (ਅਫਸੀਆਂ 2:20) ਅਤੇ "ਉਹਨੇ ਕਈਆਂ ਨੂੰ ਰਸੂਲ, ਕਈਆਂ ਨੂੰ ਨਬੀ, ਕਈਆਂ ਨੂੰ ਪ੍ਰਚਾਰਕ, ਕਈਆਂ ਨੂੰ ਪਾਸਬਾਨ ਅਤੇ ਉਸਤਾਦ ਕਰਕੇ ਦੇ ਦਿੱਤਾ ਤਾਂ ਜੋ ਸੇਵਕਾਈ ਦੇ ਕੰਮ ਲਈ ਸੰਤ ਸਿੱਧ ਹੋਣ ਅਤੇ ਮਸੀਹ ਦੀ ਦੇਹੀ ਉਸਰਦੀ ਜਾਵੇ...।"

(ਅਫਸੀਆ 4:11-12)

ਰਸੂਲ ਨੇ ਤਿਮੋਥੀਅਸ ਨੂੰ ਲਿਖਿਆ : "ਭਈ ਜੇ ਮੈਨੂੰ ਕੁਝ ਚਿਰ ਲੱਗ ਜਾਵੇ ਤਾਂ ਤੂੰ ਜਾਣ ਲਵੇਂ ਜੋ ਪ੍ਰਮੇਸ਼ਵਰ ਦੇ ਘਰ ਵਿੱਚ ਜਿਹੜਾ ਅਕਾਲ ਪੁਰਖ ਦੀ ਕਲੀਸੀਆ ਅਤੇ ਸਚਿਆਈ ਦਾ ਥੰਮ੍ਹ ਅਤੇ ਨੀਂਹ ਹੈ ਕਿਸ ਪ੍ਰਕਾਰ ਵਰਤਣਾ ਚਾਹੀਦਾ ਹੈ" (1 ਤਿਮੋਥੀ 3:15)

ਮੁਢੱਲੀ ਕਲੀਸੀਆ ਪ੍ਰਮੇਸ਼ਵਰ ਦੀ ਦੇਹ, ਪ੍ਰਮੇਸ਼ਰ ਦੇ ਪ੍ਰਗਟੀਕਰਨ ਦਾ ਸਥਾਨ, ਪ੍ਰਮੇਸ਼ਵਰ ਦੀ ਸ਼ਕਤੀ ਨਾਲ ਭਰੀ ਹੋਈ, ਆਤਮਕ ਦਾਤਾਂ ਅਤੇ ਕਈ ਪ੍ਰਕਾਰ ਦੀਆਂ ਸੇਵਕਾਈਆਂ ਨਾਲ ਭਰਪੂਰ ਸੀ। (1 ਕੁਰੰਥੀਆ 12:4-31) ਵਿਸਵਾਸ਼, ਬਪਤਿਸਮਾ ਅਤੇ ਪਵਿੱਤਰ ਆਤਮੇ ਦੇ ਬਪਤਿਸਮੇ ਦੁਆਰਾ ਇੱਕ ਦੇਹੀ ਵਿੱਚ ਇੱਕ ਰੂਪ ਸੀ। (1 ਕੁਰੰਥੀ 12:12-26) ਜਿਥੇ ਕਿਤੇ ਇਸ ਤਰਾਂ ਹੈ, ਉਹ ਅੱਜ ਵੀ ਇਸ ਸੱਚਾਈ ਉਤੇ ਪੱਕੇ ਅਤੇ ਸਥਿਰ ਹਨ। ਇਕੋ ਪ੍ਰਭੂ, ਇਕੋ ਨਿਹਚਾ, ਇਕੋ ਬਪਤਿਸਮਾ (ਅਫਸੀਆਂ 4:3-5)

ਮਸੀਹ ਦੀ ਵਾਪਸੀ ਤੇ ਇਹ ਲਿਖਤ ਕਲੀਸੀਆ ਤੇ ਪੂਰੀ ਹੋ ਜਾਵੇਗੀ: "ਭਈ ਉਸ ਨੂੰ ਜਲ ਦੇ ਇਸ਼ਨਾਨ ਤੋਂ ਬਾਣੀ ਨਾਲ ਸ਼ੁਧ ਕਰਕੇ ਪਵਿੱਤਰ ਕਰੇ ਅਤੇ ਉਹ ਉਸਨੂੰ ਆਪਣੇ ਲਈ ਇਹੋ ਜਿਹੀ ਪ੍ਰਤਾਪਵਾਨ ਕਲੀਸੀਆ ਤਿਆਰ ਕਰੇ ਜਿਹਦੇ ਵਿੱਚ ਕਲੰਕ ਯਾ ਬੱਜ ਜਾ ਕੋਈ ਹੋਰ ਅਜਿਹਾ ਔਗੁਣ ਨਾ ਹੋਵੇ ਸਗੋਂ ਉਹ ਪਵਿੱਤਰ ਅਤੇ ਨਿਰਮਲ ਹੋਵੇ" (ਅਫਸੀਆਂ 5:26-27)

ਜਦ ਅਸੀਂ ਪ੍ਰਮੇਸ਼ਰ ਦੀ ਕ੍ਰਿਪਾ ਦਾ ਸੰਦੇਸ਼ ਸੁਣਦੇ ਹਾਂ ਤਾਂ ਵਿਸ਼ਵਾਸ ਕਰੀਏ ਅਤੇ ਫਿਰ ਮੁਕਤੀ ਅਤੇ ਧਰਮੀ ਠਹਿਰਾਏ ਜਾਣ ਅਤੇ ਪ੍ਰਮੇਸ਼ਵਰ ਨਾਲ ਮੇਲ ਦਾ ਅਨੁਭਵ ਕਰੀਏ ਇਸ ਅਰਥ ਹੈ: "ਸੋ ਜਦੋਂ ਅਸੀਂ ਹੁਣ ਉਹਦੇ ਲਹੂ ਨਾਲ ਧਰਮੀ ਠਹਿਰਾਏ ਗਏ ਤਾਂ ਇਸ ਨਾਲੋਂ ਬਹੁਤ ਵਧਕੇ ਅਸੀਂ ਉਹਦੇ ਰਾਹੀਂ ਉਹਦੇ ਕ੍ਰੋਧ ਬਚ ਜਾਵਾਂਗੇ" (ਰੋਮੀਆਂ 5:9)

ਅਸੀਂ ਸਭ ਜੋ ਬਾਈਬਲ ਤੇ ਵਿਸ਼ਵਾਸ਼ ਕਰਨ ਵਾਲੇ ਹਾਂ, ਸਾਨੂੰ ਜਰੂਰ ਚਾਹੀਦਾ ਹੈ ਕਿ ਪ੍ਰਮੇਸ਼ਰ ਦੇ ਵਚਨ ਵਿੱਚਲੀ ਹਰ ਉਸ ਗੱਲ ਨੂੰ ਜਿਸਦਾ ਹੁਕਮ ਮੁੰਢ ਤੋਂ ਦਿਤਾ ਗਿਆ ਸੀ, ਨੂੰ ਸਵੀਕਾਰ ਕਰੀਏ।

## The Period Untill The Council of Nicaea

## ਨੀਸੀਆ ਦੀ ਸਭਾ ਤੱਕ ਦਾ ਸਮਾਂ

ਪ੍ਰ: ਪੋਥੀ 2:2 ਪਹਿਲੇ ਕਲੀਸੀਆ ਯੁਗ ਨੂੰ ਸੰਦੇਸ਼ ਵਿਚ ਪ੍ਰਭੂ ਨੇ ਆਪਣੀ ਕਲੀਸੀਆ ਦੀ ਸਰਾਹਨਾ ਕੀਤੀ:

"ਮੈਂ ਤੇਰੇ ਕੰਮਾਂ ਨੂੰ ਅਤੇ ਤੇਰੀ ਮਿਹਨਤ ਨੂੰ ਅਤੇ ਸਬਰ ਨੂੰ ਜਾਣਦਾ ਹਾਂ, ਨਾਲ ਇਹ ਜੋ ਬੁਰਿਆਰਾਂ ਦਾ ਤੈਥੋਂ ਸਹਾਰਾ ਨਹੀਂ ਹੁੰਦਾ ਅਤੇ ਜਿਹੜੇ ਆਪਣੇ ਆਪ ਨੂੰ ਰਸੂਲ ਦਸਦੇ ਹਨ ਤੈਂ ਉਹਨਾਂ ਨੂੰ ਪ੍ਤਾ ਕੇ ਝੂਠੇ ਵੇਖਿਆ ------।"

ਆਪਣੀਆਂ ਬਹੁਤੀਆਂ ਪੱਤਰੀਆਂ ਵਿੱਚ ਅਤੇ ਤਿਮੋਥੀਅਸ ਅਤੇ ਥਸਲਨੁਕੀਨੀਆਂ ਨੂੰ ਉਚੇਚੇ ਝਿੜਕਵੇਂ ਸੰਬੋਧਨ ਵਿੱਚ ਖਦਸਾ ਪ੍ਰਗਟ ਕੀਤਾ ਕਿ ਸੱਚੇ ਵਿਸਵਾਸ਼ ਤੋਂ ਧਰਮ ਤਿਆਗ ਹੋ ਜਾਵੇਗਾ। ਰਸੂਲ ਨੂੰ ਕੁਰਿੰਥੰਸ ਦੀ ਕਲੀਸੀਆ ਨੂੰ ਝਿੜਕਣਾ ਪਿਆ: "ਪਰ ਮੈਂ ਡਰਦਾ ਹਾਂ ਭਈ ਕਿਤੇ ਅਉਂ ਨਾ ਹੋਵੇ ਕਿ ਜਿਵੇਂ ਸੱਪ ਨੇ ਆਪਣੀ ਖਚਰ ਵਿਦਿਆ ਨਾਲ ਹੈਵਾਹ ਨੂੰ ਭ੍ਰਮਾਇਆ ਤੁਹਾਡੇ ਮਨ ਵੀ ਉਸ ਸਾਦਗੀ ਅਤੇ ਪਵਿਤਰਤਾਈ ਤੋਂ ਜੋ ਮਸੀਹ ਦੀ ਵੱਲ ਹੈ ਵਿਗੜ ਜਾਣ। ਜੇ ਤਾਂ ਕੋਈ ਆਉਣ ਵਾਲਾ ਕਿਸੇ ਦੂਜੇ ਦੀ ਮੁਨਾਦੀ ਕਰਦਾ ਜਿਹਦੇ ਵਿਖੇ ਅਸਾ ਨਾਂ ਕੀਤੀਜਾ ਤੁਹਾਨੂੰ ਕੋਈ ਹੋਰ ਆਤਮਾ ਮਿਲਦਾ ਜਿਹੜਾ ਤੁਹਾਨੂੰ ਨਾ ਮਿਲਿਆ ਯਾ ਕੋਈ ਹੋਰ ਖੁਸ਼ਖਬਰੀ ਜਿਹਨੂੰ ਤੁਸਾਂ ਕਬੂਲ ਨਾ ਕੀਤਾ ਤਾਂ ਤੁਸੀਂ ਅੱਛੀ ਤਰ੍ਹਾਂ ਉਹ ਨੂੰ ਸਹਾਰ ਲੈਂਦੇ----" (2 ਕੁਰੇਥੀ 11:3-4)

ਗਲਾਤੀਆਂ 1:6-8 ਵਿੱਚ ਰਸੂਲ ਨੇ ਉਨਾਂ ਉੱਤੇ ਜੋ ਕਿਸੇ ਹੋਰ ਖੁਸ਼ਖਬਰੀ ਦਾ ਪ੍ਰਚਾਰ ਕਰਦੇ ਹਨ ਸਰਾਪ ਦੀ ਘੋਸ਼ਣਾ ਕੀਤੀ ਹੈ: "---- ਪਰ ਜੇਕਰ ਅਸੀਂ ਵੀ ਯਾ ਸਵਰਗ ਤੋਂ ਕੋਈ ਦੂਤ ਉਸ ਖੁਸ਼ਖਬਰੀ ਤੋਂ ਬਿਨਾਂ ਜਿਹੜੀ ਤੁਹਾਨੂੰ ਸੁਣਾਈ ਸੀ ਕੋਈ ਹੋਰ ਖੁਸ਼ਖਬਰੀ ਤੁਹਾਨੂੰ ਸੁਣਾਏ ਤਾਂ ਉਹ ਸਰਾਪਤ ਹੋਵੇ।" ਇਹ ਬਹੁਤ ਬਹੁਤ ਗੰਭੀਰ ਮਾਮਲਾ ਹੈ।

ਜਿਵੇਂ ਸੱਪ ਨੇ ਕੁਦਰਤੀ ਉਤਪਤੀ ਦੇ ਅਰੰਭ ਵਿੱਚ ਬਾਗ ਅਦਨ ਵਿੱਚ ਵਚਨ ਦੇ ਪ੍ਰਤੀ ਜਿਹੜਾ ਪ੍ਰਮੇਸ਼ਰ ਨੇ ਆਦਮ ਨੂੰ ਬੋਲਿਆ ਸੀ, ਆਪਣੀ ਦਲੀਲ ਦੇ ਨਾਲ ਸੱਕ ਦਾ ਬੀਜ ਬੀਜ ਦਿੱਤਾ ਸੀ। "---ਕੀ ਪ੍ਰਮੇਸ਼ਰ ਨੇ ਸੱਚ ਮੁੱਚ ਆਖਿਆ ਹੈ-----? ਅਸਲ ਵਿੱਚ ਇਸੇ ਗੱਲ ਨੇ ਬੇਪ੍ਰਤੀਤੀ ਨੂੰ ਜਨਮ ਦਿੱਤਾ ਅਤੇ ਭਰਮਾਏ ਜਾਣ ਲਈ ਹਵਾ ਦੀ

ਅਗਵਾਈ ਕੀਤੀ, ਇਸ ਤੋਂ ਬਾਅਦ ਰਸੂਲਾਂ ਦੇ ਸਮੇਂ ਦੇ ਅਖੀਰ ਵਿੱਚ ਵੀ ਬਿਲਕੁਲ ਇਸੇ ਤਰਾਂ ਹੋਇਆ ਅਤੇ ਅੱਜ ਵੀ ਹੈ। ਵਚਨ ਦੇ ਪ੍ਰਤੀ ਸ਼ੱਕ, ਅਣਆਗਿਆਕਾਰੀ, ਕਲੀਸੀਆ ਦਾ ਪਤੱਨ ਵੱਲ ਰੁਝਾਨ, ਇਹ ਵਚਨ ਵਲੋਂ ਧਰਮ ਤਿਆਗ ਹੈ।

ਪ੍ਰਮੇਸ਼ਵਰ ਦੇ ਵਚਨ ਉੱਤੇ ਸਵਾਲ ਖੜੇ ਕੀਤੇ ਗਏ ਸਨ; ਨਿੱਜੀ ਅਨੁਵਾਦ ਅਤੇ ਸਿੱਖਿਆਵਾਂ ਪੇਸ ਕੀਤੀਆਂ ਗਈਆਂ ਸਨ। ਜਿਥੇ ਕਿਤੇ ਇਸ ਤਰਾਂ ਹੋਇਆ, ਸਾਰੀ ਭਗਤੀ ਵਿਅਰਥ ਹੋ ਗਈ ਸੀ, ਜਿਵੇਂ ਉਸ ਵੇਲੇ ਪ੍ਰਭੂ ਨੂੰ ਯਹੂਦੀਆਂ ਨੂੰ ਆਖਣਾ ਪਿਆ ਸੀ, "ਇਹ ਲੋਕ ਆਪਣੇ ਬੁੱਲ੍ਹਾਂ ਨਾਲ ਮੇਰਾ ਆਦਰ ਕਰਦੇ ਹਨ, ਪਰ ਇਨ੍ਹਾਂ ਦਾ ਦਿਲ ਮੈਥੋਂ ਦੂਰ ਹੈ। ਉਹ ਵਿਅਰਥਾ ਮੇਰੀ ਉਪਸਨਾ ਕਰਦੇ ਹਨ, ਉਹ ਮਨੁੱਖਾਂ ਦੇ ਹੁਕਮਾਂ ਦੀ ਸਿੱਖਿਆ ਦਿੰਦੇ ਹਨ" (ਮਰਕਸ 7: 6-7) ਜੋ ਕੁਝ ਯਿਸੂ ਨੇ ਫੱਕੀ ਫਰੀਸੀਆਂ ਨੂੰ ਉਨ੍ਹਾਂ ਦੀਆਂ ਆਪਣੀਆਂ ਤਲੀਮਾਂ ਦੇ ਵਿਖੇ ਆਖਿਆ ਉਹ ਅੱਜ ਤੱਕ ਢੁਕਵਾਂ ਅਤੇ ਲਾਗੂ ਹੈ--- "ਪਰ ਇਸ ਕਾਰਣ ਜੋ ਮੈਂ ਸਭ ਆਖਦਾ ਹਾਂ ਤੁਸੀ ਮੇਰੀ ਪ੍ਰਤੀਤ ਨਹੀਂ ਕਰਦੇ ਹੋ।---- ਜੋ ਪ੍ਰਮੇਸ਼ਰ ਤੋਂ ਹੈ ਸੋ ਪ੍ਰਮੇਸ਼ਰ ਦੇ ਵਚਨ ਸੁਣਦਾ ਹੈ ਤੁਸੀਂ ਇਸ ਕਾਰਨ ਨਹੀਂ ਸੁਣਦੇ ਜੋ ਤੁਸੀ ਪ੍ਰਮੇਸ਼ਰ ਤੋਂ ਨਹੀ ਹੋ।" (ਯਹੂੰਨਾ 8: 45 + 47) ਇਥੇ ਅੱਜ ਵੀ ਦੋ ਵੱਖ ਵੱਖ ਆਤਮਕ ਬੀਜ ਮੌਜੂਦ ਹਨ। ਤਾਂ ਉਸ ਨੇ ਉੱਤਰ ਦਿੱਤਾ ਜਿਹੜਾ ਚੰਗਾ ਬੀਜ਼ ਬੀਜਦਾ ਹੈ ਉਹ ਮਨੁੱਖ ਦਾ ਪੁੱਤਰ ਹੈ। ਖੇਤ ਜਗਤ ਹੈ ਅਤੇ ਚੰਗਾ ਬੀਜ ਰਾਜ ਦੇ ਪੁੱਤਰ ਅਤੇ ਜੰਗਲੀ ਬੂਟੀ ਦੁਸ਼ਟ ਦੇ ਪੁੱਤਰ ਹਨ। ਜਿਸ ਵੈਰੀ ਨੇ ਉਹ ਬੀਜਿਆ ਉਹ ਸੈਤਾਨ ਹੈ।" (ਮੱਤੀ 13:37-38)

ਪ੍ਰਮੇਸ਼ਵਰ ਦੀ ਸੱਚੀ ਭਗਤੀ ਕੇਵਲ ਨਵੇਂ ਅਤੇ ਖਾਲਸ ਹਿਰਦੇ ਤੋਂ ਹੋ ਸਕਦੀ ਹੈ। ਸਾਡੇ ਪ੍ਰਭੂ ਨੇ ਆਖਿਆ, "ਪਰ ਉਹ ਸਮਾਂ ਆਉਂਦਾ ਹੈ ਸਗੋਂ ਹੁਣੇ ਹੈ ਜੋ ਸੱਚੇ ਭਗਤ ਆਤਮਾ ਅਰ ਸਚਿਆਈ ਨਾਲ ਪਿਤਾ ਦੀ ਭਗਤੀ ਕਰਨਗੇ ਕਿਉਂਕਿ ਪਿਤਾ ਏਹੋ ਜਿਹੇ ਭਗਤਾਂ ਨੂੰ ਚਾਹੁੰਦਾ ਹੈ। ਪ੍ਰਮੇਸ਼ਵਰ ਆਤਮਾ ਹੈ ਅਤੇ ਜੋ ਉਹਦੀ ਭਗਤੀ ਕਰਦੇ ਹਨ, ਉਨਾਂ ਨੂੰ ਚਾਹੀਦਾ ਹੈ ਭਈ ਉਹ ਆਤਮਾ ਅਤੇ ਸਚਿਆਈ ਨਾਲ ਭਗਤੀ ਕਰਨ। ਜਿਹੜੇ ਪ੍ਰਮੇਸ਼ਵਰ ਦੇ ਵਚਨ ਅਤੇ ਆਤਮਾ ਦੀ ਅਗਵਾਈ ਦੁਆਰਾ ਭਗਤੀ ਨਹੀਂ ਕਰਦੇ ਉਹ ਉਸ ਦੀ ਨਹੀਂ ਸਗੋਂ ਹੋ ਚੁੱਕੇ ਪ੍ਰਮੇਸ਼ਵਰ ਦੀ ਭਗਤੀ ਕਰ ਰਹੇ ਹਨ।

ਥਸਲਨੀਕੀਆ 2 ਅਧਿਆਏ ਵਿੱਚ ਆਖਰੀ ਧਰਮ ਤਿਆਗ ਅਤੇ ਵਿਨਾਸ ਦੇ ਮਨੁੱਖ ਦੀ ਜਿਹੜਾ ਇਸ ਧਰਮ ਤਿਆਗ ਦੀ ਪ੍ਰਤੀ ਨਿਧਤਾ ਕਰਦਾ ਹੈ, ਆਗਾਉਂ

ਭਵਿਖ ਬਾਣੀ ਕੀਤੀ ਹੋਈ ਹੈ: "ਜੋ ਵਿਰੋਧੀ ਹੈ ਅਤੇ ਹਰ ਇੱਕ ਉੱਤੇ ਜਿਹੜਾ ਦੇਵ ਅਖਵਾਉਂਦਾ ਜਾ ਪੂਜਿਆ ਜਾਂਦਾ ਹੈ ਆਪਣੇ ਆਪ ਨੂੰ ਉਚਿਆਂ ਕਰਦਾ ਹੈ ਐਥੋਂ ਤੀਕ ਜੋ ਉਹ ਪ੍ਰਮੇਸ਼ਰ ਦੀ ਹੈਕਲ ਵਿੱਚ ਬਹਿੰਦਾ ਹੈ ਅਤੇ ਆਪਣੇ ਆਪ ਨੂੰ ਪ੍ਰਮੇਸ਼ਵਰ ਕਰਕੇ ਵਿਖਾਉਂਦਾ ਹੈ ()---ਨਾਲੇ ਉਹਨਾਂ ਲਈ ਜਿਹੜੇ ਨਾਸ ਹੋ ਰਹੇ ਹਨ ਕੁਧਰਮ ਦੇ ਹਰ ਪ੍ਰਕਾਰ ਦੇ ਛਲ ਨਾਲ ਇਸ ਕਾਰਨ ਜੋ ਉਹਨਾਂ ਨੇ ਸਚਿਆਈ ਦੇ ਪ੍ਰੇਮ ਨੂੰ ਕਬੂਲ ਨਾ ਕੀਤਾ ਜਿਸ ਤੋਂ ਉਨਾਂ ਦੀ ਮੁਕਤੀ ਹੋ ਜਾਂਦੀ। ਸੋ ਇਸ ਕਰਕੇ ਪ੍ਰਮੇਸ਼ਵਰ ਉਨਾਂ ਉੱਤੇ ਧੋਖੇ ਦਾ ਅਸਰ ਘੱਲਦਾ ਭਈ ਉਹ ਝੂਠ ਨੂੰ ਸੱਚ ਮੰਨਣ ---(VV.10-11) ਉਹ ਜਿਹੜੇ ਪ੍ਰਮੇਸ਼ਰ ਦੇ ਵਚਨ ਦੀ ਮੰਨਣਯੋਗ ਸਚਾਈ ਦੀ ਕਦਰ ਅਤੇ ਵਿਸ਼ਵਾਸ ਨਹੀਂ ਕਰਦੇ, ਉਨਾਂ ਲਈ ਅਤੇ ਕਲੀਸੀਆ ਲਈ ਧਰਮ ਧਾਰਮਿਕ ਝੂੱਠ ਉਤੇ ਵਿਸ਼ਵਾਸ਼ ਕਰਨ ਤੋਂ ਵਿਕਾਸ ਹੋਣਾ ਤਹਿ ਹੈ।

ਜੋ ਕੁਝ ਰਸੂਲਾ ਦੇ ਜਮਾਨੇ ਤੋਂ ਪਹਿਲਾਂ ਹੋਇਆ ਉਸਨੂੰ ਸਮਝਣਾ ਔਖਾ ਹੈ: ਮਨੁੱਖ ਜਿੰਨਾਂ ਦੀ ਹੁਣ ਕਲੀਸੀਆ ਦੇ ਪੁਰਖਿਆਂ ਦੇ ਤੌਰ ਇੱਜਤ ਕੀਤੀ ਜਾਂਦੀ ਹੈ, ਉਨਾਂ ਨੇ ਆਪਣੀਆਂ ਬੁਤਪ੍ਰਸਤੀ ਦੀ ਪ੍ਰੇਰਣਾ ਦੇਣ ਵਾਲੀਆਂ ਤਲੀਮਾਂ ਨੂੰ ਲੋਕਾਂ ਵਿੱਚ ਪੇਸ਼ ਕੀਤਾ ਅਤੇ ਬਹੁਤਿਆਂ ਨੂੰ ਆਪਣੇ ਮਗਰ ਲਾ ਲਿਆ। ਅਖੌਤੀ ਕਲੀਸੀਆਈ ਪ੍ਰਰਖੇ ਮਸੀਹੀ ਸਖਸੀਅਤਾਂ ਸਨ ਪਰ ਯਿਸੂ ਮਸੀਹ ਦੇ ਚੇਲੇ ਨਹੀਂ ਸਨ। ਨਾ ਹੀ ਕਿਸੇ ਕੋਲ ਕੋਈ ਸੱਚਾ ਅਲੋਕਿਕ (ਦੇਵੀ) ਸੱਦਾ ਸੀ। ਐਥਾਨਸੀਅਸ Athanasius, ਅਗਸਤੀਨ Augustine ਅਤੇ ਹਿਰੋਨੀਮਸ Hieronymus ਖੂਬ ਮਸਹੂਰ ਹਨ। ਇਹ ਉਹ ਮਨੁੱਖ ਸਨ ਜੋ Hellenistic ਹੇਲੋਨੈਸਟਿਕ (ਯੂਨਾਨੀ ਇਤਹਾਸ, ਭਾਸ਼ਾ ਅਤੇ ਸੱਭਿਆਚਾਰ ਨਾਲ ਸਬੰਧਤ) ਬੁਤਪੂਜਾ ਤੋਂ ਆਏ ਸਨ ਅਤੇ ਇਨਾਂ ਦੇ ਕੋਲ ਮਸੀਹ ਵੱਲ ਸੱਚੇ ਬਦਲਾਅ ਦਾ ਅਨੁਭਵ ਨਹੀਂ ਸੀ, ਉਹ ਅਜੇ ਤੱਕ ਅੰਧਵਿਸ਼ਵਾਸ ਵਿੱਚ ਜਕੜੇ ਹੋਏ ਸਨ ਅਤੇ ਉਨਾਂ ਨੇ ਮਸੀਹਤ ਵਿੱਚ ਆਪਣੇ ਹੀ ਵਿਚਾਰਾਂ ਨੂੰ ਪੇਸ਼ ਕੀਤਾ।

ਸਾਲ 313 ਤੋਂ ਜਦ ਸਮਰਾਟ ਕੰਨਸਟਾਇਨ ਨੇ ਸਰਕਾਰੀ ਤੋਰ ਤੇ ਮਸੀਹਤ ਨੂੰ ਸਾਝਾਂ ਰਾਜ ਧਰਮ ਐਲਾਨ ਕਰ ਦਿੱਤਾ, ਇੱਕ ਭਿਆਨਕ ਵਿਕਾਸ ਸਾਹਮਣੇ ਆਇਆ। 20 ਮਈ ਤੋਂ ਜੁਲਾਈ 25, 325 ਈ. ਤਕ ਉਸ ਨੇ ਨੀਸੀਆ ਸਭਾ ਲਈ ਵੱਖ ਵੱਖ ਵਿਸਵਾਸ਼ਾ ਦੇ ਪਾਸਬਾਨਾਂ (Bishops) ਦੀ ਖੋਜ ਕੀਤੀ। ਉਸ ਸਮੇਂ ਰੋਮਨ ਸਾਮਰਾਜ ਨਾਲ ਜੁੜੇ ਦੇਸ਼ਾਂ ਵਿੱਚੋਂ 127 ਵਿੱਚ ਮਸੀਹੀ ਅੰਦੋਲਨ ਪਹਿਲਾਂ ਹੀ ਚਲ ਰਹੇ

ਸਨ। ਭਿਆਨਕ ਝਗੜਿਆਂ ਅਤੇ ਬਹਿਸਾਂ ਬੈਠਕਾਂ ਤੋਂ ਬਾਅਦ ਪੂਰੀ ਤਰਾਂ ਬਾਈਬਲ ਤੋਂ ਬਾਹਰੀ, ਤਸਲੀਲ ਦਾ ਅਕੀਦਾ ਐਥਾਨੀਸੀਅਸ Athanasius ਦੀ ਪ੍ਰਧਾਨਗੀ ਹੇਠ ਪੇਸ਼ ਕਰ ਦਿੱਤਾ ਗਿਆ ਸੀ, ਭਾਵੇਂ ਇਸ ਉਤੇ ਉਹ ਸਾਰੇ ਦੇ ਸਾਰੇ ਸਹਿਮਤ ਨਹੀਂ ਸਨ। ਪ੍ਰਮੇਸ਼ਵਰ ਦੇ ਪੁੱਤਰ ਦੇ ਹਵਾਲੇ ਨਾਲ ਇਥੇ ਇਸ ਵਿੱਚ ਇਸ ਤਰਾਂ ਲਿਖਿਆ ਗਿਆ, "---ਇੱਕ ਪ੍ਰਭੂ ਯਿਸ਼ੂ ਮਸੀਹ ਵਿੱਚ, ਪ੍ਰਮੇਸ਼ਵਰ ਦਾ ਇਕਲੌਤਾ ਪੁਤਰ ਸਦੀਪਕਤਾ ਲਈ ਪ੍ਰਮੇਸ਼ਵਰ ਤੋਂ ਜੰਮਿਆ, ਪ੍ਰਮੇਸ਼ਵਰ ਵਿਚੋਂ ਪ੍ਰਮੇਸ਼ਵਰ, ਤੇਜ਼ ਵਿਚੋਂ ਤੇਜ਼, ਸੱਚੇ ਖ਼ੁੱਦਾ ਵਿਚੋਂ ਸੱਚਾ ਖ਼ੁਦਾ, ਬਣਿਆ ਨਹੀਂ, ਪਿਤਾ ਦੇ ਨਾਲ ਏਕਤਾ ਵਿੱਚ।" (ਮਸੀਹਤ ਦੇ ਪੁਰਖੇ ਸਫਾ ਨੰ. 40) (Fathers of Christianity P 40)

ਅੱਜ ਤਕ ਪ੍ਰਮੇਸ਼ਵਰ ਨੇ ਕਦੇ ਕਿਸੇ ਨੂੰ ਨਹੀਂ ਜੰਮਿਆ, ਇਕ ਅਨਾਦੀ ਪੁੱਤਰ ਨੂੰ ਜੰਮਿਆ। ਅਨਾਦੀ ਪੁੱਤਰ ਤਾਂ ਕਦੇ ਵੀ ਨਹੀਂ ਸੀ। ਪੁਰਾਣੇ ਨੇਮ ਦੇ 4000 ਸਾਲਾਂ ਵਿੱਚ ਕਦੇ ਕਿਸੇ ਨਬੀ ਨੇ ਅਸਮਾਨ ਵਿੱਚ ਇੱਕ ਪਿਤਾ ਹੋਣ ਲਈ, ਇੱਕ ਪੁੱਤਰ ਹੋਣ ਵਿਖੇ ਨਹੀਂ ਬੋਲਿਆ ਪਰ ਪ੍ਰਭੂ ਪ੍ਰਮੇਸ਼ਵਰ, ਯੋਹਵਾਹ ਇਲੋਹਾਮ ਦਾ ਜਿਕਰ 4000 ਵਾਰ ਆਇਆ ਹੈ। ਪੱਤਰੀਆਂ ਵਿੱਚ ਰੋਮੀਆਂ 1:7 ਤੋਂ ਸ਼ੁਰੂ ਹੁੰਦਿਆਂ ਅਸੀਂ ਬਾਰ ਬਾਰ ਸਲਾਮ ਪ੍ਰਣਾਮ ਨੂੰ ਵੇਖਦੇ ਹਾਂ: "ਸਾਡੇ ਪਿਤਾ ਪ੍ਰਮੇਸ਼ਰ ਅਤੇ ਪ੍ਰਭੂ ਯਿਸੂ ਮਸੀਹ ਦੀ ਵਲੋਂ ਤੁਹਾਨੂੰ ਕ੍ਰਿਪਾ ਅਤੇ ਸ਼ਾਂਤੀ ਹੁੰਦੀ ਰਹੇ।" ਪਰ ਕਿਤੇ ਇੱਕ ਵਾਰ ਵੀ ਇਹ ਨਹੀਂ ਆਖਿਆ ਪ੍ਰਮੇਸ਼ਵਰ ਪੁੱਤਰ ਵਲੋਂ ਜਾਂ --- ਪ੍ਰਮੇਸ਼ਵਰ ਪਵਿਤਰ ਆਤਮਾ ਵਲੋਂ।" ਜਿੰਨਾ ਸੱਚ ਇਹ ਹੈ ਕਿ ਅਨਾਦੀ ਪ੍ਰਮੇਸ਼ਰ ਇਬੋਹਮ ਨੇ ਆਪਣੇ ਆਪ ਨੂੰ ਪ੍ਰਭੂ/ਯੋਹਵਾਹ ਦੇ ਤੌਰ ਪ੍ਰਗਟ ਕੀਤਾ ਅਤੇ ਦਿੱਖ ਵਾਲੀ (visible) ਸੂਰਤ ਵਿੱਚ ਬਾਗ ਅਦਨ ਵਿੱਚ ਚਲਦਾ ਫਿਰਦਾ ਸੀ ਅਤੇ ਆਦਮ ਨੂੰ ਆਪਣੇ ਰੂਪ ਉਤੇ ਉਤਪੱਤ ਕੀਤਾ, ਉਨਾਂ ਹੀ ਸੱਚ ਇਹ ਵੀ ਹੈ ਕਿ ਉਸੇ ਪ੍ਰਮੇਸ਼ਵਰ ਨੇ ਆਪਣੇ ਆਪ ਨੂੰ ਪਿਤਾ ਹੋਣ ਵਜੋਂ ਅਸਮਾਨ ਵਿੱਚ ਪ੍ਰਗਟ ਕੀਤਾ ਅਤੇ ਆਪਣੇ ਇਕਲੌਤੇ ਪੁੱਤਰ ਵਿੱਚ ਆਪਣੇ ਆਪ ਨੂੰ ਧਰਤੀ ਉਤੇ ਪ੍ਰਗਟ ਕੀਤਾ, ਇਸੇ ਲਈ ਪ੍ਰਭੂ ਯਿਸ਼ੂ ਨੇ ਆਖਿਆ," ਜਿੰਨ ਮੈਨੂੰ ਵੇਖਿਆ ਹੈ ਉਹਨੇ ਪਿਤਾ ਨੂੰ ਵੇਖਿਆ ਹੈ---" (ਯਹੁੰਨਾ 14:9)

ਸਾਡੇ ਛੁਟਕਾਰੇ ਦੇ ਲਈ ਪ੍ਰਮੇਸ਼ਵਰ ਨੇ ਆਪਣੇ ਆਪ ਨੂੰ ਦੇਹ ਵਿੱਚ ਪ੍ਰਗਟ ਕੀਤਾ। (1 ਤਿਮੋਥੀ 3:16) ਮੁਕਤੀਦਾਤਾ ਹੋਣ ਲਈ ਪੁੱਤਰ ਦੇ ਜਨਮ ਦਾ ਵਾਅਦਾ ਪੁਰਾਣੇ ਨੇਮ ਵਿੱਚ ਬਹੁਤ ਹਵਾਲਿਆਂ ਵਿੱਚ ਮਿਲਦਾ ਹੈ, ਇਨਾਂ ਵਿਚੋਂ ਕੁਝ ਇਹ ਹਨ:

"ਉਹ ਮੇਰਾ ਪੁੱਤਰ ਹੋਵੇਗਾ ਅਤੇ ਮੈਂ ਉਹਦਾ ਪਿਤਾ ਹੋਵਾਂਗਾ" (2 ਸੈਮੁਅਲ 7:14)

"ਮੈਂ ਫਰਮਾਨ ਦਾ ਹੋਕਾ ਦਿਆਂਗਾ, ਯਹੋਵਾਹ ਨੇ ਆਖਿਆ ਕਿ ਤੂੰ ਮੇਰਾ ਪੁੱਤਰ ਹੈ ਮੈਂ ਅੱਜ ਤੈਨੂੰ ਜਨਮ ਦੁਆਇਆ ਹੈ" (ਜਬੂਰ 2:7)

ਜੰਮਦਿਆਂ ਸਾਰ ਮੈਂ ਤੇਰੇ ਉਤੇ ਸੁਟਿਆ ਗਿਆ ---- (ਜਬੂਰ 22:10-11)

ਉਹ ਮੈਨੂੰ ਪੁਕਾਰ ਕੇ ਆਖੇਗਾ, ਤੂੰ ਮੇਰਾ ਪਿਤਾ ਮੇਰਾ ਪ੍ਰਮੇਸ਼ਵਰ ਅਤੇ ਮੇਰੀ ਸ਼ਕਤੀ ਕੀ ਚਟਾਨ ਹੈ। ਮੈਂ ਵੀ ਉਹਨੂੰ ਆਪਣਾ ਜੇਠਾ ਅਤੇ ਧਰਤੀ ਦੇ ਰਾਜਿਆਂ ਵਿਚੋਂ ਅੱਤ ਮਹਾਨ ਬਣਾਵਾਂਗਾ" (ਜਬੂਰ 89: 26-27)

ਵੇਖੋ ਇਕ ਕੁਆਰੀ ਗਰਭਵਤੀ ਹੋਵੇਗੀ ਅਤੇ ਪੁੱਤਰ ਜਾਣੇਗੀ ਅਤੇ ਉਹ ਉਸਦਾ ਨਾਮ 'ਇਮਾਨੂਏਲ' ਰਖਣਗੇ (ਯਸਾਯਾਹ 7:14)

"ਸਾਡੇ ਲਈ ਤਾਂ ਇੱਕ ਬਾਲਕ ਜੰਮਿਆ ਅਤੇ ਸਾਨੂੰ ਇੱਕ ਪੁੱਤਰ ਬਖਸਿਆ ਗਿਆ ਰਾਜ ਉਹਦੇ ਮੋਢੇ ਉਤੇ ਹੋਵੇਗਾ ਅਤੇ ਉਹਦਾ ਨਾਮ ਇਉਂ ਸੱਦਿਆ ਜਾਵੇਗਾ "ਅਚਰਜ ਸਲਾਹੂ, ਸ਼ਕਤੀਮਾਨ ਪ੍ਰਮੇਸ਼ਰ, ਅਨਾਦੀ ਪਿਤਾ, ਸ਼ਾਂਤੀ ਦਾ ਰਾਜਕੁਮਾਰ" (ਯਸਯਾਹ 9:6)- ਅਨਾਦੀ ਪੁੱਤਰ ਕਦੇ ਨਹੀਂ ਆਖਿਆ।"

"ਪਰ ਹੈ ਬੈਤਲਹਮ ਅਫਰਾਥਾਹ, ਤੂੰ ਜੋ ਯਹੂਦਾਹ ਦੇ ਹਜਾਰਾਂ ਵਿਚੋਂ ਛੋਟਾ ਹੈ ਤੈਥੋਂ ਇੱਕ ਮੇਰੇ ਲਈ ਨਿਕਲੇਗਾ ਜੋ ਇਸਰਾਈਲ ਵਿੱਚ ਹਾਕਮ ਹੋਵੇਗਾ-----" (ਮੀਕਾਤ 5:2)

ਜਦੋਂ ਸਮੇਂ ਆ ਗਿਆ ਇਹ ਸਭ ਹੋ ਗਿਆ ਸੀ। ਇਸ ਲਈ ਮੱਤੀ ਨੇ ਆਪਣੇ ਪਹਿਲੇ ਅਧਿਆਏ ਵਿਚ ਲਿਖਿਆ: "ਇਹ ਸਭ ਕੁਝ ਇਸ ਲਈ ਹੋਇਆ ਭਈ ਜਿਹੜੀ ਗੱਲ ਪ੍ਰਭੂ ਨੇ ਨਬੀ ਦੀ ਜਬਾਨੀ ਆਖੀ ਸੀ ਉਹ ਪੂਰੀ ਹੋਵੇ ਕਿ (ਯਸ਼ਾ 7: 14) ਕਿ ਵੇਖੋ ਕੁਆਰੀ ਗਰਭਵਤੀ ਹੋਵੇਗੀ ਅਰ ਪੁੱਤਰ ਜਣੇਗੀ ਅਤੇ ਉਹ ਉਸਦਾ ਨਾਮ ਇਮਾਨੂੰਏਲ ਰੱਖਣਗੇ, ਜਿਹਦਾ ਅਰਥ ਹੈ ਪ੍ਰਮੇਸ਼ਰ ਅਸਾਡੇ ਸੰਗ" (ਮੱਤੀ 1: 22-23)

ਲੂਕਾ 1 ਅਤੇ 2 ਅਧਿਆਏ ਵਿੱਚ ਪੁੱਤਰ ਜਨਮ ਦੇ ਸੰਬੰਧੀ ਹਰ ਇੱਕ ਗੱਲ ਸਾਨੂੰ ਬੜੇ ਵਿਸਥਾਰ ਨਾਲ ਦੱਸੀ ਗਈ ਹੈ। "ਦੂਤ ਨੇ ਉਹਨੂੰ ਆਖਿਆ, ਹੇ ਮਰੀਯਮ ਨਾ ਡਰ ਕਿਉਂ ਜੋ ਤੇਰੇ ਉਤੇ ਪ੍ਰਮੇਸ਼ਰ ਦੀ ਕ੍ਰਿਪਾ ਹੋਈ ਅਤੇ ਵੇਖ ਤੂੰ ਗ੍ਰਭਵੰਤੀ ਹੋਵੇਗੀ ਅਰ

ਪੁੱਤਰ ਜਣੇਗੀ ਅਤੇ ਉਹਦਾ ਨਾਮ ਯਿਸੂ ਰੱਖਣਾ (ਇਬਰਾਨੀ - ਯਹੁਸ਼ਆ Yahshua)

ਪਵਿਤਰ ਆਤਮਾ ਤੇਰੇ ਉੱਪਰ ਆਏਗਾ ਅਰਅੱਤ ਮਹਾਨ ਦੀ ਕੁਦਰਤ ਤੇਰੇ ਉਤੇ ਛਾਇਆ ਕਰੇਗੀ, ਇਸ ਕਰਕੇ ਜਿਹੜਾ ਜੰਮੇਗਾ ਉਹ ਪਵਿਤਰ ਅਤੇ ਪ੍ਰਮੇਸ਼ਵਰ ਦਾ ਪੁੱਤਰ ਕਹਾਵੇਗਾ– ਤਾਂ ਮਰਿਯਮ ਨੇ ਕਿਹਾ, ਵੇਖ ਮੈਂ ਪ੍ਰਭੂ ਦੀ ਬਾਂਦੀ ਹਾਂ ਮੇਰੇ ਨਾਲ ਤੇਰੇ ਆਖੇ ਅਨੁਸਾਰ ਹੋਵੇ" (ਲੂਕਾ 1: 30–31, 35, 38)

**ਇੱਕ ਅਵਾਜ਼ ਉਚੀ ਪੁਕਾਰ ਰਹੀ ਹੈ:** "ਹੇ ਲੋਕੋ, ਤੁਹਾਡੇ ਵਿਚੋਂ ਹਰ ਕੋਈ ਸੁਣਲਵੇ।" ਇਹ ਸੱਚ ਦਾ ਸਮਾਂ ਹੈ। ਜਿਹਦੇ ਕੰਨ ਹੋਣ ਉਹ ਸੁਣੇ ਆਤਮਾ ਕਲੀਸੀਆ ਨੂੰ ਕੀ ਆਖਦਾ ਹੈ: ਕੇਵਲ ਜੋ ਕੁਝ ਬਾਈਬਲ ਵਿੱਚ ਲਿਖਿਆ ਹੋਇਆ ਹੈ, ਉਹ ਬਾਈਬਲ ਦਾ ਹੈ, ਕੇਵਲ ਉਹ ਹੀ ਜੋ ਰਸੂਲਾਂ ਦੁਆਰਾ ਸਿਖਾਇਆ ਅਤੇ ਅਮਲ ਵਿੱਚ ਲਿਆਦਾ ਗਿਆ ਸੀ ਉਹ ਰਸੂਲਾਂ ਦਾ ਜਾਂ ਰਸੂਲਾਂ ਤੋਂ ਹੈ।

ਤਸਲੀਸ ਅਕੀਦੇ ਦੀ ਘੜਤ ਜੋ ਗਲਤੀ ਨਾਲ ਜਾਂ ਧੱਕੋ ਧੱਕੀ ਰਸੂਲੀ ਅਕੀਦੇ ਨਾਲ ਜੋੜੀ ਹੈ 325 ਸੰਨ ਵਿੱਚ ਨੀਸੀਆ ਸਭਾ ਵਿੱਚ ਘੜੀ ਗਈ ਸੀ ਅਤੇ 381 ਵਿੱਚ ਕੰਸਤਨਤੁਨੀਆ (Constantinople) ਦੀ ਸਭਾ ਵਿੱਚ ਕੁਝ ਵੀ ਬਾਈਬਲ, ਸੱਚੇ ਰਸੂਲੀ ਵਿਸਵਾਸ਼, ਮੁਢਲੀ ਕਲੀਸੀਆ ਦੇ ਅਮਲੀ ਵਿਸ਼ਵਾਸ ਨਾਲ ਮੇਲ ਨਹੀਂ ਖਾਂਦਾ ਸੀ। ਨੀਸੀਆ ਦੀ ਸਭਾ ਵਿੱਚ ਪੁੱਤਰ ਨੂੰ ਦੇਵਤਵ (Deity) ਦਾ ਦੂਸਰਾ ਪੁਰਖ ਘੋਸ਼ਿਤ ਕਰ ਦਿੱਤਾ ਗਿਆ, ਅਤੇ ਕੰਸਤਨਤੁਨੀਆ (Constantinople) ਦੀ ਸਭਾ ਵਿੱਚ ਪਵਿਤਰ ਆਤਮਾ ਨੂੰ ਤੀਜਾ ਪੁਰਖ ਘੋਸ਼ਿਤ ਕਰ ਦਿੱਤਾ ਗਿਆ। ਇਸ ਤੋਂ ਛੇਤੀ ਬਾਅਦ ਸਾਲ 385 ਵਿੱਚ ਹੀਰੋਨੀਮਸ ਨੇ ਬਾਈਬਲ ਦੇ ਆਪਣੀ ਲਾਤੀਨੀ ਅਨੁਵਾਦ ਵਿੱਚ ਨੂੰ ਯਹੁੰਨਾ 5 ਅਧਿਆਏ ਦੀ 7ਵੀਂ ਆਇਤ ਵਿੱਚ ਲਿਖਤੀ ਵਾਧਾ (addition) ਕਰ ਦਿਤਾ (Latin Vulgate Translation) ਜੋ ਇਸ ਤਰਾਂ ਹੈ "ਸੁਰਗ ਵਿੱਚ ਤਿੰਨ ਹਨ ਜੋ ਸਾਖੀ ਦਿੰਦੇ ਹਨ ਪਿਤਾ, ਵਚਨ ਅਤੇ ਪਵਿਤਰ ਆਤਮਾ : ਅਤੇ ਇਹ ਤਿੰਨੇ ਇੱਕ ਹਨ।" ਰਸੂਲਾਂ ਦੇ ਬਾਅਦ 300 ਸਾਲਾਂ ਵਿੱਚ ਰਸੂਲੀ ਤਲੀਮ ਖਤਮ ਕਰ ਦਿੱਤੀ ਗਈ ਸੀ।

ਇਬਰਾਨੀ ਅਤੇ ਯੁਨਾਨੀ ਮੂਲ ਵਿੱਚ 1 ਯਹੁੰਨਾ 5:7 ਇਸ ਤਰਾਂ ਦਸਦੀ ਹੈ: "ਕਿਉਂ ਜੋ ਤਿੰਨ ਹਨ ਜਿਹੜੇ ਸਾਖੀ ਦਿੰਦੇ ਹਨ" ਅਗਾਂਹ "ਆਤਮਾ, ਅਤੇ ਪਾਣੀ ਅਤੇ ਲਹੂ ਅਤੇ ਇਹ ਤਿੰਨੇ ਸਹਿਮਤ ਹਨ।" ਜੇ ਅਸੀਂ ਮਨੁੱਖਾਂ ਦੀ ਗਵਾਹੀ ਮੰਨਦੇ ਹਾਂ,

ਪ੍ਰਮੇਸ਼ਰ ਦੀ ਗਵਾਹੀ ਵੱਡੀ ਮਹਾਨ ਹੈ: ਕਿਉਂਕਿ ਇਹ ਸਾਖੀ ਪ੍ਰਮੇਸ਼ਰ ਦੀ ਹੈ, ਉਹਨੇ ਆਪਣੇ ਪੁੱਤਰ ਦੇ ਵਿਖੇ ਸਾਖੀ ਦਿੱਤੀ ਹੈ।" (1 ਯਹੂੰਨਾ 5: 8 + 9 ਮੱਤੀ 3: 17, ਮੱਤੀ 17: 35) ਪ੍ਰੇਰਤ ਪਤਰਸ ਨੇ ਸਾਖੀ ਦਿੱਤੀ, "ਅਤੇ ਇਹ ਸ਼ਬਦ ਅਸਾਂ ਜਿਸ ਵੇਲੇ ਪਵਿਤਰ ਪਹਾੜ ਉੱਤੇ ਉਹਦੇ ਨਾਲ ਸਾਂ ਅਕਾਸੋਂ ਆਉਂਦੇ ਸੁਣਿਆ।" (1 ਪਤਰਸ 1: 18)

ਮਾਰਟਿਨ ਲੂਥਰ ਨੇ ਵੁਲਗੇਟ ਅਨੁਵਾਦ ਨੂੰ ਰੱਦ ਕਰ ਦਿਤਾ ਸੀ। (Valgate:- ਚੌਥੀ ਸਦੀ ਦੇ ਅਖੀਰਲੇ ਵਰਿਆਂ ਵਿੱਚ ਬਾਈਬਲ ਦਾ ਲਾਤੀਨੀ ਭਾਸ਼ਾ ਵਿੱਚ ਅਨੁਵਾਦ ਜੋਂ 16 ਵੀਂ ਸਦੀ ਦੋਰਾਨ ਕੈਥੋਲਿਕ ਕਲੀਸੀਆ ਦਾ ਅਧਿਕਾਰਤ ਅਨੁਵਾਦ ਬਣ ਗਿਆ ਸੀ।) ਦੂਜੇ ਪਾਸੇ John Wycliffe ਜੋਨ ਵਾਈਕਲਿਫ ਦੁਆਰਾ ਵੁਲਗੇਟ ਤਰਜਮੇ ਤੋਂ ਅੰਗ੍ਰੇਜ਼ੀ ਵਿੱਚ ਕੀਤੇ ਤਰਜਮੇ ਵਿੱਚ King James ਬਾਈਬਲ ਵਿੱਚ ਉਕਤ ਲਿਖਤ ਵਿੱਚ ਕੀਤਾ ਗਿਆ ਵਾਧਾ ਅੱਜ ਵੀ ਮੌਜੂਦ ਹੈ। ਭਾਵੇ ਹੇਠਾਂ ਫੁਟ ਨੋਟ ਵਿੱਚ ਲਿਖ ਦਿਤਾ ਗਿਆ ਹੈ ਕਿ ਸੁਰਗ ਵਿੱਚ ਤਿੰਨ ਵਾਲੀ ਗੱਲ ਅਸਲੀ ਨਹੀਂ। ਇਹ ਵਾਧਾ ਅੱਜ ਵੀ Vulgate ਤੋਂ ਅਨੁਵਾਦ ਕੀਤੇ ਗਏ ਸਾਰਿਆਂ ਅਨੁਵਾਦਾਂ ਵਿੱਚ ਪੜਿਆ ਜਾ ਸਕਦਾ ਹੈ। ਜਰਮਨ ਐਡੀਸ਼ਨਾ ਵਿੱਚ ਉਦਾਹਰਣ ਵਜੋਂ ਭਾਵੇਂ ਇਹ 1535 ਦੀ ਜਿਉਰਿਕ ਬਾਈਬਲ (Zurich) ਹੋਵੇ ਜਾਂ 1543 ਦੀ ਲੂਥਰ ਬਾਈਬਲ ਜਾਂ ਉਨਾਂ ਦੇ ਮੌਜੂਦਾ ਉਤਾਰੇ ਹੋਣ, ਪ੍ਰਭੂ ਦੀ ਕ੍ਰਿਪਾ ਨਾਲ ਸਾਨੂੰ ਅਸਲੀ ਪਾਠ ਦੀ ਸਹੀ ਸੋਧ ਮਿਲਦੀ ਹੈ।

ਬਾਈਬਲ ਦੇ ਦੋ ਨੇਮ ਹਨ, ਪੁਰਾਣਾ ਨੇਮ ਅਤੇ ਨਵਾਂ ਨੇਮ। ਨਾਂ ਹੀ ਇਹਦੇ ਵਿੱਚ ਕੁਝ ਜੋੜਿਆ ਜਾ ਸਕਦਾ ਹੈ ਨਾ ਹੀ ਕੁਝ ਬਦਲਿਆ ਜਾ ਸਕਦਾ ਹੈ। ਪੋਲੂਸ ਰਸੂਲ ਨੇ ਲਿਖਿਆ ਹੈ, "ਹੇ ਭਰਾਵੋ, ਮੈਂ ਮਨੁੱਖਾਂ ਵਾਂਗੂ ਬੋਲਦਾ ਹਾਂ-- ਭਾਵੇਂ ਮਨੁੱਖ ਦਾ ਵਸੀਅਤਨਾਮਾ ਹੀ ਹੋਵੇ ਪਰ ਜਾਂ ਉਹ ਪੱਕਾ ਹੋ ਗਿਆ ਤਾਂ ਕੋਈ ਉਸ ਵਿੱਚ ਨਾ ਭੰਗ ਪਾਉਂਦਾ ਨਾ ਵਾਧਾ ਕਰਦਾ ਹੈ" (ਗਲਾਤੀਆਂ 3: 15)

ਪ੍ਰਕਾਸ਼ ਦੀ ਪੋਥੀ ਦੇ ਅਖੀਰ ਤੇ 22: 18-19 ਵਿੱਚ ਦੋ ਪੱਖੀ ਚੇਤਾਵਨੀ ਹੈ: "ਮੈਂ ਹਰ ਇੱਕ ਅੱਗੇ ਜਿਹੜਾ ਇਸ ਪੋਥੀ ਦੇ ਅਗੰਮ ਵਾਕ ਦੀਆਂ ਬਾਣੀਆਂ ਸੁਣਦਾ ਹੈ ਸਾਖੀ ਦਿੰਦਾ ਹਾਂ, ਜੇ ਕੋਈ ਇਨਾਂ ਵਿੱਚ ਕੁਝ ਵਧਾਵੇ ਤਾਂ ਉਹ ਬਵਾਂ ਜਿਹੜੀਆਂ ਇਸ ਪੋਥੀ ਵਿੱਚ ਲਿਖੀਆ ਹਨ ਪ੍ਰਮੇਸ਼ਰ ਉਸ ਉਤੇ ਵਧਾਵੇਗਾ ਅਤੇ ਜੇ ਕੋਈ ਇਸ

ਅਹੀਮਵਾਕ ਦੀ ਪੋਥੀ ਦੀਆਂ ਬਾਣੀਆਂ ਵਿਚੋਂ ਕੁਝ ਘਟਾਵੇ ਤਾਂ ਜੀਵਨ ਦੇ ਬ੍ਰਿਛ ਅਤੇ ਪਵਿਤਰ ਨਗਰੀ ਵਿਚੋਂ ਅਰਥਾਤ ਉਨਾਂ ਗੱਲਾਂ ਵਿਚੋਂ ਜਿਹੜੀਆਂ ਇਸ ਪੋਥੀ ਵਿੱਚ ਲਿਖੀਆ ਹੋਈਆਂ ਹਨ ਪ੍ਰਮੇਸ਼ਰ ਉਸਦਾ ਹਿੱਸਾ ਘਟਾਵੇਗਾ।"

ਚੌਥੀ ਸਦੀ ਵਿੱਚ ਜਦੋਂ ਤੋਂ ਮਸੀਹ ਕਲੀਸੀਅਵਾਂ ਸਥਾਪਿਤ ਹੋਈਆਂ ਬਾਈਬਲ ਦੀ ਹਰ ਸਿੱਖਿਆ ਨੂੰ ਰੱਦ ਕਰ ਦਿਤਾ ਅਤੇ ਯਿਸ਼ੂ ਮਸੀਹ ਮੁਕਤੀਦਾਤਾ ਨੂੰ ਅਗੰਹਾਤ, ਅਣਉਚਿਤ ਬਣਾ ਦਿੱਤਾ ਗਿਆ। ਸਭਾ ਵਿੱਚ ਘੜੇ ਗਏ ਹੁਕਮਾਂ ਅਤੇ ਅਕੀਦਿਆਂ ਵਿਚੋਂ, ਸਾਰੇ ਕਲੀਸੀਆਈ ਇਤਹਾਸ ਵਿੱਚ ਇੱਕ ਵੀ ਬਾਈਬਲ ਦੇ ਅਨੁਸਾਰ ਨਹੀਂ ਹੈ। ਬਾਈਬਲ ਨੇ ਕਦੇ ਵੀ ਮਸੀਹ ਦੇ ਪ੍ਰਤਨਿਧ ਜਾਂ ਪਤਰਸ ਦੇ ਉਤਰਾ ਅਧਿਕਾਰੀ ਦਾ ਜਿਕਰ ਨਹੀਂ ਕੀਤਾ। ਕੈਥੋਲਿਕ ਕਲੀਸੀਆ ਨੇ ਮੱਤੀ 16: 18 ਦੇ ਸ਼ਬਦਾਂ ਦਾ ਗਲਤ ਅਨੁਵਾਦ ਕੀਤਾ ਅਤੇ ਧੱਕੇ ਨਾਲ ਪੋਪਸ਼ਾਹੀ ਨੇ ਉਨਾਂ ਸ਼ਬਦਾਂ ਨੂੰ ਲਾਗੂ ਕਰ ਦਿਤਾ। ਪ੍ਰਭੂ ਯਿਸ਼ੂ ਨੇ ਪਤਰਸ ਨੂੰ ਨਹੀਂ ਆਖਿਆ, " ਮੈਂ ਤੇਰੇ ਉਤੇ ਆਪਣੀ ਕਲੀਸੀਆ ਬਣਾਵਾਂਗਾ" ਪਰ ਆਖਿਆ" ਮੈਂ ਇਸ ਚਟਾਨ ਉਤੇ ਆਪਣੀ ਕਲੀਸੀਆ ਬਣਾਵਾਂਗਾ ਅਤੇ ਉਹ ਚਟਾਨ ਯਿਸ਼ੂ ਮਸੀਹ ਹੈ।

**ਇੱਕ ਅਵਾਜ਼ ਉੱਚੀ ਉੱਚੀ ਪੁਕਾਰ ਰਹੀ ਹੈ:-** ਹੇ ਲੋਕੋ, ਤੁਹਾਡੇ ਵਿਚੋਂ ਹਰ ਕੋਈ ਸੁਣ ਲਵੇ: ਕੋਈ ਰਾਜ ਕਲੀਸੀਆ State Church ਜਾਂ ਜਥੇਬੰਦੀ ਮੁਕਤੀਦਾਤਾ ਮਸੀਹ ਵਲੋਂ ਨਹੀਂ ਬਣਾਈ ਗਈ, ਨਾ ਹੀ ਕੈਥੋਲਿਕ, ਨਾ ਔਰਥੋਡੈਕਸ ਨਾ ਕੋਪਟਿਕ ਨਾ ਕਲਦੀਆਂ ਨਾ ਸੀਰੀਆ ਨਾ ਮਿਸਰੀ। ਇਹ ਸਾਰੀਆਂ ਮਸੀਹ ਕਲੀਸੀਆਂ ਤਾਂ ਹਨ ਪਰ ਇਨਾਂ ਵਿੱਚ ਯਿਸ਼ੂ ਮਸੀਹ ਦੀ ਕਲੀਸੀਆਂ ਕੋਈ ਨਹੀਂ ਹੈ। ਯਿਸ਼ੂ ਮਸੀਹ ਦੀ ਕਲੀਸੀਆਂ ਉਹ ਲੋਕ ਹਨ ਜਿਹੜੇ ਪਵਿੱਤਰ ਲਿਖਤਾਂ ਅਨੁਸਾਰ ਵਿਸ਼ਵਾਸ਼ ਰੱਖਦੇ ਹਨ।

ਸਮੇਤ ਐਂਗਲੀਕਨ ਅਤੇ ਲੂਥਰਨ ਕਲੀਸੀਆ ਉਨਾਂ ਵਿਚੋਂ ਹਰ ਇੱਕ ਕਲੀਸੀਆ ਦਾ ਦੁਖਦਾਈ ਪੱਖ ਇਹ ਹੈ ਕਿ ਉਹ ਆਪਣੇ ਮੈਂਬਰਾਂ ਨੂੰ ਉਨਾਂ ਦੀ ਮੁਕਤੀ ਦੀ ਗਰੰਟੀ ਦਿੰਦੇ ਹਨ। ਅੱਜ ਦਿਨ ਤਕ ਕਿਸੇ ਕਲੀਸੀਆ ਨੇ ਕਿਸੇ ਨੂੰ ਨਹੀਂ ਬਚਾਇਆ। ਪਰ ਸਾਰੀਆਂ ਕਲੀਸੀਆਂ ਅਤੇ ਸਾਰੇ ਧਰਮਾਂ ਦੇ ਲੋਕ ਯਿਸ਼ੂ ਮਸੀਹ ਉਤੇ ਵਿਸ਼ਵਾਸ਼ ਕਰਨਾ ਤੋਂ ਬਚਾਏ ਜਾ ਸਕਦੇ ਹਨ। ਮੁਕਤੀ ਦੇ ਨਿੱਜੀ ਤਜਰਬੇ ਅਤੇ ਤਬਦੀਲੀ ਦੇ ਦੁਆਰਾ ਬਚਾਏ ਜਾਣਗੇ। (ਕਰੱਤਵ 3: 19)

ਸਮਰਾਟ, ਰਾਜੇ ਅਤੇ ਹਾਕਮ ਆਪਣੇ ਦੇਸ਼ ਦਾ ਧਰਮ ਆਪ ਨਿਰਧਾਰਤ ਕਰਦੇ ਹਨ। ਅਤੇ ਇਸ ਲਈ ਸੰਸਾਰ ਧਰਮਾਂ ਵਿੱਚ ਵੰਡਿਆ ਹੋਇਆ ਹੈ। ਇਥੇ ਬੁੱਧ ਧਰਮ ਉਥੇ ਹਿੰਦੂ ਧਰਮ, ਸਿੰਤੋ ਧਰਮ (ਜਪਾਨ ਦੇਸ਼ ਦਾ ਇੱਕ ਪ੍ਰਮੁੱਖ ਧਰਮ, ਇਸ ਵਿੱਚ ਕਈ ਦੇਵੀ ਦੇਵਤੇ ਹਨ ਜਿਨਾਂ ਨੂੰ ਕਾਮੀ ਕਿਹਾ ਜਾਂਦਾ ਹੈ। ਇਹਦੇ ਵਿੱਚ ਬੁਧ ਧਰਮ ਦੇ ਕਈ ਸਿਧਾਂਤ ਜੁੜੇ ਹੋਏ ਹਨ। ਇਥੇ ਸੁਨੀ ਉਥੇ ਸ਼ਿਤੀ (ਸ਼ਿਆ) ਇਥੇ ਅਲੇਵੀ ਉਥੇ ਅਲਟਾਈਟਸ (Alawites) (ਸੀਆ ਮੁਸਲਮਾਨਾਂ ਕੀ ਗੁਲਾਮ ਸ਼ਾਖਾ/ ਤਬਕਾ) ਇਥੇ ਕੈਥੋਲਿਕ ਉਥੇ ਪ੍ਰੋਟੈਸਟੈਂਟ 1 ਏਸ਼ੀਆ ਅਤੇ ਅਫਰੀਕਾ ਵਿੱਚ ਕਬੀਲਿਆਂ ਦੇ ਆਗੂਆਂ ਨੇ ਧਰਮ ਸਥਾਪਿਤ ਕੀਤੇਹਨ। ਪਰ ਪ੍ਰਮੇਸ਼ਵਰ ਕਿਸੇ ਧਰਮ ਵਿੱਚ ਨਹੀਂ ਹੈ। ਪ੍ਰਮੇਸ਼ਰ ਨੇ ਕੇਵਲ ਯਿਸ਼ੂ ਮਸੀਹ ਵਿੱਚ ਆਪਣੇ ਆਪ ਨੂੰ ਪ੍ਰਗਟ ਕੀਤਾ ਅਤੇ ਅਸੀ ਕੇਵਲ ਮੁਕਤੀਦਾਤੇ ਦੇ ਵਿੱਚ ਹੀ ਪ੍ਰਮੇਸ਼ਵਰ ਨੂੰ ਮਿਲ ਸਕਦੇ ਹਾਂ। (2 ਕੁਰੰਥੀ 5: 19)

ਭਾਵੇਂ ਬਾਈਬਲ ਨਿੱਜੀ ਵਿਸ਼ਵਾਸ ਦੀ ਗਵਾਹੀ ਦਿੰਦੀ ਹੈ ਪਰ ਮਸੀਹੀ ਕਲੀਸੀਆਵਾਂ ਵਿੱਚ ਯਿਸ਼ੂ ਮਸੀਹ ਵਿੱਚ ਵਿਸ਼ਵਾਸ਼ ਦੀ ਜਗ੍ਹਾ ਤੇ ਰਸਮਾਂ ਰਿਵਾਜ ਆ ਗਏ ਹਨ "ਜਿਹੜਾ ਨਿਹਚਾ ਕਰੇ ਅੰਤੇ ਬਪਤਿਸਮਾ ਲਵੇ ਬਚਾਇਆ ਜਾਵੇਗਾ, ਪਰ ਜਿਹੜਾ ਨਿਹਚਾ ਨਾ ਕਰੇ ਉਸ ਉਤੇ ਸਜਾ ਦਾ ਹੁਕਮ ਹੋਵੇਗਾ" (ਮਰਕਸ 16: 16) ਕਲੀਸੀਆ ਦੀ ਤਲੀਮ ਅਨੁਸਾਰ ਬੱਚਿਆਂ ਜਾਂ ਵੱਡਿਆਂ ਦੇ ਮੱਥੇ ਉਤੇ ਪਾਣੀ ਛਿੜਕਣਾ ਜਲ ਅਤੇ ਆਤਮਾ ਤੋਂ ਜਨਮ ਲੈਣਾ ਮੰਨ ਲਿਆ ਗਿਆ ਹੈ। (ਯਹੂੰਨਾ 3:5) ਪਰ ਇਹ ਸੱਚ ਨਹੀਂ ਹੈ। ਛਿੜਕਾਅ ਦੀ ਜੜ੍ਹ ਕੰਨਸਨਟਾਈਨ (Constantine) ਤਕ ਜਾਂਦੀ ਹੈ ਜਦ ਉਹ ਜੁਲਾਈ, 337 ਵਿੱਚ ਆਪਣੀ ਮੌਤ ਦੇ ਬਿਸਤਰ ਤੇ ਲੇਟਿਆ ਹੋਇਆ ਸੀ, ਬਿਸ਼ਪ ਇਸੋਬੀਅਸ ਨੇ ਤਿੰਨ ਵਾਰ ਉਸਦੇ ਮੱਥੇ ਤੇ ਪਾਣੀ ਦਾ ਛਿੜਕਾਅ ਕੀਤਾ, ਪਹਿਲੀ ਵਾਰ 'ਬਾਪ ਦੇ ਨਾਮ ਵਿੱਚ, ਅਤੇ ਪੁੱਤਰ ਦੇ ਨਾਮ ਅਤੇ ਪਵਿਤਰ ਦੇ ਨਾਮ ਵਿਚ ਵਾਲਾ ਤਸਲੀਸ ਦਾ ਫਾਰਮੂਲਾ ਵਰਤਿਆ ਸੀ। ਇਸ ਨਾਲ ਮੰਨ ਲਿਆ ਗਿਆ (Constantine) ਇੱਕ ਮਸੀਹੀ ਬਣ ਗਿਆ ਪਰ ਆਖਰੀ ਦਮ ਤੇ ਉਸਨੂੰ ਸੂਰਜ ਦੇਵਤੇ Sun God soul ਨੂੰ ਪੁਕਾਰਿਆ।

Sun God Soul (Soul ਪੁਰਾਤਨ ਰੋਮਨ ਧਰਮ ਵਿੱਚ ਸੂਰਜ ਅਤੇ ਦੇਵਤੇ ਦੇ ਮਨੁੱਖੀ ਰੂਪ ਨੂੰ SOUL ਆਖਿਆ ਜਾਂਦਾ ਸੀ)

ਭਾਵੇਂ 1 ਕੁਰੰਥੀ 10: 14-22 ਵਿੱਚ ਪ੍ਰਭੂ ਭੋਜਦੇ ਵਿਖੇ ਬੜਾ ਸਾਫ ਬਿਆਨਿਆ

ਗਿਆ ਹੈ ਤਾਂ ਵੀ ਪ੍ਰਭੂ ਭੋਜ ਦਾ ਅਨੁਵਾਦ ਪੂਰੀ ਤਰਾਂ ਗਲਤ ਕਰ ਦਿੱਤਾ ਹੈ: "ਉਹ ਬਰਕਤ ਦਾ ਪਿਆਲਾ ਜਿਹਦੇ ਉਤੇ ਅਸੀਂ ਬਰਕਤ ਮੰਗਦੇ ਹਾਂ ਕੀ ਉਹ ਮਸੀਹ ਦੇ ਲਹੂ ਦੀ ਸਾਂਝ ਨਹੀਂ? ਉਹ ਰੋਟੀ ਜਿਹਨੂੰ ਅਸੀਂ ਤੋੜਦੇ ਹਾਂ ਕੀ ਉਹ ਮਸੀਹ ਦੇ ਸ਼ਰੀਰ ਦੀ ਸਾਂਝ ਨਹੀ? ਰੋਟੀ ਇਕੋ ਹੈ ਇਸ ਲਈ ਅਸੀ ਜੋ ਬਾਹਲੇ ਹਾਂ ਸੋ ਰਲਕੇ ਇਕ ਸ਼ਰੀਰ ਹਾਂ ਕਿਉਂ ਜੋ ਅਸੀਂ ਸੱਭੇ ਇੱਕੋ ਰੋਟੀ ਵਿੱਚ ਸਾਂਝੀ ਹਾਂ।"

ਬਾਈਬਲ ਵਿੱਚ ਰੋਟੀ ਜਾਂ ਵੇਫਰ ਦਾ ਮਸੀਹ ਦੀ ਦੇਹ ਵਿੱਚ ਬਦਲ ਜਾਣਾ ਜਾਂ ਦਾਖਰਸ ਦਾ ਮਸੀਹ ਦੇ ਲਹੂ ਵਿੱਚ ਬਦਲ ਜਾਣਾ ਬਿਲਕੁਲ ਨਹੀਂ ਲਿਖਿਆ ਹੋਇਆ ਹੈ। ਪਰ ਇਸ ਉਲਟ ਸਾਡੇ ਪ੍ਰਭੂ ਨੇ ਆਖਿਆ, "ਅਤੇ ਮੈਂ ਤੁਹਾਨੂੰ ਆਖਦਾ ਹਾਂ ਜੋ ਏਦੋਂ ਅੱਗੇ ਮੈਂ ਇਸ ਅੰਗੂਰ ਦੇ ਰਸ ਨੂੰ ਕਦੇ ਨਾ ਪੀਵਾਂਗਾ ਜਿਸ ਦਿਨ ਤੀਕਰ ਤੁਹਾਡੇ ਨਾਲ ਆਪਣੇ ਪਿਤਾ ਦੇ ਰਾਜ ਵਿੱਚ ਉਹ ਨਵਾਂ ਨਾ ਪੀਵਾਂ।" (ਮੱਤੀ 26: 29)

1 ਕੁਰੰਥੀ 11: 23-24 ਵੀ ਆਖਦੀ ਹੈ, "ਮੈਂ ਤਾਂ ਇਹ ਗੱਲ ਪ੍ਰਭੂ ਤੋਂ ਪਾਈ ਸੀ ਜਿਹੜੀ ਤੁਹਾਨੂੰ ਸੌਂਪ ਦਿੱਤੀ ਭਈ ਪ੍ਰਭੂ ਨੇ ਜਿਸ ਰਾਤ ਫੜਵਾਇਆ ਗਿਆ ਸੀ ਰੋਟੀ ਲਈ। ਅਤੇ ਸ਼ੁਕਰ ਕਰਕੇ ਤੋੜੀ ਅਤੇ ਕਿਹਾ ਇਹ ਮੇਰਾ ਸ਼ਰੀਰ ਹੈ ਜੋ ਤੁਹਾਡੇ ਲਈ ਹੈ। ਮੇਰੀ ਯਾਦਗੀਰੀ ਲਈ ਇਹ ਕਰਿਆ ਕਰੋ। ਇਸੇ ਤਰਾਂ ਉਸਨੇ ਭੋਜਨ ਖਾਣ ਦੇ ਪਿਛੋਂ ਪਿਆਲਾ ਵੀ ਲਿਆ ਅਤੇ ਕਿਹਾ ਜੋ ਇਹ ਪਿਆਲਾ ਮੇਰੇ ਲਹੂ ਵਿੱਚ ਨਵਾਂ ਨੇਮ ਹੈ ਜਦ ਕਦੇ ਤੁਸੀਂ ਇਹ ਨੂੰ ਪੀਵੋ ਤਾਂ ਮੇਰੀ ਯਾਦਗੀਰੀ ਲਈ ਇਹ ਕਰਿਆ ਕਰੋ। ਕਿਉਂਕਿ ਜਦ ਕਦੇ ਤੁਸੀਂ ਇਹ ਰੋਟੀ ਖਾਉ ਅਤੇ ਪਿਆਲਾ ਪੀਵੋ ਤਾਂ ਤੁਸੀਂ ਪ੍ਰਭੂ ਦੀ ਮੌਤ ਦਾ ਪ੍ਰਚਾਰ ਕਰਦੇ ਰਹਿੰਦੇ ਹੋ ਜਦ ਤੀਕਰ ਉਹ ਨਾ ਆਵੇ----।"

ਸਵਿਟਜਰਲੈਂਡ ਦੇ ਸੁਧਾਰਕ ਹੈਲਡਰਿਕ ਜਿੰਵਿਗਲੀ Huldrych Zwinglei ਨੇ ਰੋਟੀ ਦੇ ਬਦਲ ਜਾਣ ਦੀ ਸਿੱਖਿਆ ਨੂੰ ਪੂਰੀ ਤਰਾਂ ਰੱਦ ਕਰ ਦਿੱਤਾ ਅਤੇ ਸਪਸ਼ਟ ਰੂਪ ਵਿੱਚ ਬਾਈਬਲ ਦੇ ਨੁਕਤੇ ਨੂੰ ਪੇਸ਼ ਕੀਤਾ: "- ਰੋਟੀ ਜਾਂ ਵੇਫਰ ਦਾ ਮੂਲ ਕੁਝ ਵੀ ਨਹੀਂ ਸਗੋਂ ਉਸ ਇੱਕ ਕੁਰਬਾਨੀ ਅਤੇ ਮਸੀਹ ਦੇ ਦੁੱਖ ਉਠਾਉਣ ਨੂੰ ਰੋਕਦਾ ਹੈ ਅਤੇ ਇੱਕ ਨਿੰਦਣਯੋਗ ਜਨਾਹਕਾਰੀ ਹੈ' (Heidelberg Catechism, Question 80)

ਮਸੀਹ ਕਿਸੇ ਜਾਜਕ ਤੋਂ ਹੋਰ ਰੋਜ ਚੜ੍ਹਾਈ ਜਾਣ ਵਾਲੀ ਨਵੀਂ ਕੁਰਬਾਨੀ ਨਹੀਂ ਹੈ, ਪਰ ਉਸਨੇ ਆਪਣੇ ਆਪ ਨੂੰ ਸਾਰਿਆਂ ਲਈ ਇਕੋ ਵਾਰ ਦੇ ਦਿਤਾ ਅਤੇ ਸਦੀਪਕ ਨਿਸਤਾਰੇ ਦਾ ਮੁੱਢ ਬੰਨਿਆ। ਇਸ ਲਈ ਵਚਨ ਵਿੱਚ ਲਿਖਿਆ ਹੋਇਆ ਹੈ "ਉਹ

ਬੱਕਰਿਆਂ ਅਤੇ ਵੱਛਿਆਂ ਦੇ ਲਹੂ ਰਾਹੀਂ ਨਹੀਂ ਸਗੋਂ ਆਪਣੇ ਹੀ ਲਹੂ ਦੇ ਰਾਹੀਂ ਪਵਿਤਰ ਅਸਥਾਨਾ ਦੇ ਅੰਦਰ ਸਦੀਪਕ ਨਿਸਤਾਰਾ ਕਮਾ ਕੇ ਇਕੋ ਵਾਰ-ਅੰਦਰ ਗਿਆ।" (ਇਬਰਾਨੀ) 9:12) "ਤਾਂ ਕਿੰਨਾ ਵਧੀਕ ਹੈ ਮਸੀਹ ਦਾ ਲਹੂ ਜਿਹਨੇ ਸਦੀਪਕ ਆਤਮਾ ਦੇ ਰਾਹੀਂ ਆਪਣੇ ਆਪ ਨੂੰ ਦੋਸ਼ ਰਹਿਤ ਪ੍ਰਮੇਸ਼ਰ ਦੇ ਅੱਗੇ ਚੜਾਇਆ, ਤੁਹਾਡੇ ਅੰਤਰਕਰਨ ਨੂੰ ਮੁਰਦਿਆਂ ਕੰਮਾਂ ਤੋਂ ਸ਼ੁਧ ਕਰੇਗਾ ਭਈ ਤੁਸੀਂ ਜਿਉਂਦੇ ਪ੍ਰਮੇਸ਼ਰ ਦੀ ਉਪਾਸਨਾ ਕਰੋ।" (ਇਬਗਨੀ: 9-14)

"ਅਤੇ ਉਸੇ ਇਛਿੱਆ ਕਰਕੇ ਅਸੀਂ ਯਿਸ਼ੂ ਮਸੀਹ ਦੀ ਦੇਹੀਂ ਦੇ ਇਕੋ ਵਾਰ ਚੜ੍ਹਾਏ ਜਾਣ ਦੇ ਰਾਹੀਂ ਪਵਿੱਤਰ ਕੀਤੇ ਗਏ ਹਾਂ" (ਇਬਗਨੀ 10:10)

ਬਾਈਬਲ ਮੁਰਦਿਆਂ ਦੇ ਪ੍ਰਮਅਨੰਦ ਦੇ ਵਿਖੇ ਵੀ ਨਹੀਂ ਦੱਸਦੀ। ਮੱਤੀ 5 ਦੇ ਪਹਾੜੀ ਉਪਦੇਸ਼ ਵਿੱਚ ਪ੍ਰਭੂ ਯਿਸ਼ੂ ਨੇ ਜੀਵਤ ਵਿਸਵਾਸ਼ੀਆਂ ਨੂੰ ਨੌਂ ਪ੍ਰਮਅਨੰਦ ਦਿਤੇ ਹਨ। ਉਨਾਂ ਵਿਚੋਂ ਇੱਕ ਹੈ "ਧੰਨ ਉਹ ਜਿਹੜੇ ਸ਼ੁਧਮਨ ਹਨ, ਉਹ ਪ੍ਰਮੇਸ਼ਵਰ ਨੂੰ ਦੇਖਣਗੇ" ਆਦਿ। ਅੱਜ ਤਕ ਇਹ ਸੱਚੇ ਵਿਸ਼ਵਾਸ਼ੀਆਂ ਉਤੇ ਲਾਗੂ ਹੈ।

"ਪਰ ਧੰਨ ਹਨ ਤੁਹਾਡੀਆਂ ਅੱਖੀਆਂ ਜੋ ਉਹ ਵੇਖਦੀਆਂ ਹਨ ਅਤੇ ਤੁਹਾਡੇ ਕੰਨ ਜੋ ਸੁਣਦੇ ਹਨ। (ਮੱਤੀ 13:10)

"ਤਾਂ ਐਉਂ ਹੋਵੇਗਾ ਕਿ ਹਰੇਕ ਜਿਹੜਾ ਪ੍ਰਭੂ ਦਾ ਨਾਮ ਲਵੇਗਾ ਬਚਾਇਆ ਜਾਵੇਗਾ।" (ਕਰੱਤਵ 2.21)

"ਧੰਨ ਅਤੇ ਪਵਿਤਰ ਉਹ ਜਿਹੜਾ ਪਹਿਲੀ ਕਿਆਮਤ ਵਿੱਚ ਸ਼ਾਮਿਲ ਹੈ। ਇਹਨਾ ਉਤੇ ਦੂਈ ਮੌਤ ਦਾ ਕੁਝ ਵੱਸ ਨਹੀਂ ਸਗੋਂ ਉਹ ਪ੍ਰਮੇਸ਼ਵਰ ਅਤੇ ਮਸੀਹ ਦੇ ਜਾਜਕ ਹੋਣਗੇ ਅਤੇ ਉਹਦੇ ਨਾਲ ਹਜ਼ਾਰ ਵਰ੍ਹੇ ਰਾਜ ਕਰਨਗੇ" (ਪ੍ਰ: ਪੋਥੀ 20:6)

ਇਸੇ ਲਈ ਕੁਆਰੀ ਮਰਿਯਮ ਜਿਹਦੇ ਉਤੇ ਪ੍ਰਮੇਸ਼ਵਰ ਦੀ ਕ੍ਰਿਪਾ ਹੋਈ, ਉਹਦੇ ਵਿਸ਼ਵਾਸ ਦੇ ਕਾਰਨ ਉਹ ਧੰਨ ਹੋਈ। "ਅਰ ਧੰਨ ਹੈ ਉਹ ਜਿੰਨ ਪ੍ਰਤੀਤ ਕੀਤੀ ਕਿਉਂਕਿ ਜਿਹੜੀਆਂ ਗੱਲਾਂ ਪ੍ਰਭੂ ਦੀ ਵਲੋਂ ਉਹ ਨੂੰ ਕਹੀਆਂ ਗਈਆਂ ਉਹ ਪੂਰੀਆਂ ਹੋਣਗੀਆਂ।" (ਲੂਕਾ 1:45)

ਭਾਵੇਂ ਉਹ ਛੁਟਕਾਰੇ ਦੇਣ ਵਾਲੇ ਦੀ ਮਾਂ ਹੋਣ ਲਈ ਚੁਣ ਲਈ ਗਈ ਸੀ, ਉਸਨੂੰ ਪਿੰਤੇਕੁਸ਼ਤ ਦੇ ਦਿਨ ਪਵਿੱਤਰ ਆਤਮਾ ਦੇ ਬਪਤਿਸਮੇ ਦੇ ਤਜਰਬੇ ਚੋਂ ਲੰਘਣਾ

ਪਿਆ। ਆਖਰੀ ਵਾਰ ਉਹਦਾ ਜਿਕਰ ਕਰੱਤਵ 1:14 ਵਿੱਚ ਉਹਨਾਂ 120 ਦੇ ਨਾਲ ਆਇਆ ਜਿਹੜੇ ਉਪਰਲੇ ਚੁਬਾਰੇ ਵਿੱਚ ਪ੍ਰਾਥਨਾ ਕਰਨ ਲਈ ਇਕੱਠੇ ਸਨ। "ਇਹ ਸਭ ਇੱਕ ਮਨ ਹੋ ਕੇ ਇਸਤਰੀਆਂ ਅਤੇ ਯਿਸ਼ੂ ਦੀ ਮਾਤਾ ਮਰਿਯਮ ਅਤੇ ਉਹ ਦੇ ਭਰਾਵਾਂ ਦੇ ਨਾਲ ਲਗਾਤਾਰ ਪ੍ਰਾਥਨਾ ਕਰਦੇ ਰਹੇ।" ਪ੍ਰਮੇਸ਼ਰ ਦੀ ਮਾਂ ਹੋਣ ਦਾ ਹਵਾਲਾ ਬਾਈਬਲ ਵਿੱਚ ਕਿਤੇ ਵੀ ਦਰਜ਼ ਨਹੀਂ। ਇਲੀਸੰਬਤ ਨੇ ਆਖਿਆ, "ਮੇਰੇ ਲਈ ਇਹ ਕਿਥੋਂ ਹੋਇਆ ਜੋ ਮੇਰੇ ਪ੍ਰਭੂ ਦੀ ਮਾਤਾ ਮੇਰੇ ਕੋਲ ਆਈ।" (ਲੂਕਾ 1:43)

ਨਾ ਕੋਈ ਸਿੱਖਿਆ ਨਾ ਅਮਲ ਸ਼ਾਹੀ ਕਲੀਸੀਆ ਵਿੱਚ ਕੁਝ ਵੀ ਪ੍ਰਮੇਸ਼ਵਰ ਅਤੇ ਪ੍ਰਮੇਸ਼ਵਰ ਦੇ ਵਚਨ ਨਾਲ ਮੇਲ ਨਹੀਂ ਖਾਂਦਾ। ਹਰ ਇੱਕ ਸਿੱਖਿਆ ਨੂੰ ਵਿਗਾੜ ਕੇ ਬਾਈਬਲ ਦੇ ਹਵਾਲਿਆ ਨਾਲ ਸਿੰਗਾਰ ਦਿੱਤਾ ਗਿਆ। ਕਿਸੇ ਗੱਲ ਨੂੰ ਵਿਸਥਾਰ ਕਰਨ ਯਾ ਵਿਸ਼ਵਾਸ਼ ਕਰਨ ਯੋਗ ਬਣਾਉਣ ਦੀ ਕੋਸ਼ਿਸ਼ ਵਿਅਰਥ ਹੈ ਜਿਵੇਂ "ਜਿੰਨਾ ਨੇ ਕਲੀਸੀਆ ਨੂੰ ਆਪਣੀ ਮਾਂ ਕਰਕੇ ਸਵੀਕਾਰ ਕੀਤਾ ਹੈ ਉਹ ਹੀ ਪ੍ਰਮੇਸ਼ਰ ਨੂੰ ਆਪਣੇ ਪਿਤਾ ਵਜੋਂ ਪਾ ਸਕਣਗੇ।" ਬਾਈਬਲ ਮਰਿਯਮ ਦੇ ਜਿੰਦਾ ਉਠਾਏ ਜਾਣ ਬਾਰੇ ਕੁਝ ਨਹੀਂ ਦਸਦੀ ਨਾਂ ਹੀ ਦੈਵਿਕ ਪ੍ਰਾਣੀਆਂ (ਜੀ ਉਠੇ ਸੰਤਾਂ) ਦੀ ਉਸੱਤਤ ਬਾਰੇ ਬੋਲਦੀ ਹੈ, ਸਗੋਂ ਇਹਦੇ ਉਲਟ ਇਹ ਸਾਖੀ ਦਿੰਦੀ ਹੈ, "ਸੂਰਗ ਨੂੰ ਕੋਈ ਨਹੀਂ ਚੜ੍ਹਿਆ ਪਰ ਉਹ ਜਿਹੜਾ ਸੁਰਗ ਤੋਂ ਉਤਰਿਆ ਅਰਥਾਤ ਮਨੁੱਖ ਦਾ ਪੁੱਤਰ।" (ਯਹੁੰਨਾ 3:13) ਬਾਈਬਲ ਮਰਿਯਮ ਦੇ ਵਿਚੋਲਪਣੇ ਬਾਰੇ ਵੀ ਨਹੀਂ ਦੱਸਦੀ। ਸਗੋਂ ਲਿਖਿਆ ਹੈ, "ਕਿਉਂ ਜੋ ਪ੍ਰਮੇਸ਼ਵਰ ਇਕੋ ਹੈ ਅਰ ਪ੍ਰਮੇਸ਼ਵਰ ਅਤੇ ਮਨੁੱਖਾਂ ਵਿੱਚ ਇੱਕੋ ਵਿਚੋਲਾ ਹੈ ਜਿਹੜਾ ਆਪ ਮਨੁੱਖ ਹੈ ਅਰਥਾਤ ਮਸੀਹ ਯਿਸ਼ੂ-।" (1 ਤਿਮੋਥੀ 2:5) "ਹੇ ਮੇਰੇ ਪਿਆਰੇ ਬੱਚਿਓ! ਮੈਂ ਇਹ ਗੱਲਾਂ ਤੁਹਾਨੂੰ ਇਸ ਲਈ ਲਿਖਦਾ ਹਾਂ ਭਈ ਤੁਸੀਂ ਪਾਪ ਨਾ ਕਰੋ ਅਤੇ ਜੇ ਕੋਈ ਪਾਪ ਕਰੇ ਤਾਂ ਪਿਤਾ ਦੇ ਕੋਲ ਸਾਡਾ ਇੱਕ ਸਹਾਇਕ ਹੈ ਅਰਥਾਤ ਯਿਸ਼ੂ ਮਸੀਹ ਜਿਹੜਾ ਧਰਮੀ ਹੈ ਅਤੇ ਉਹ ਸਾਰਿਆਂ ਪਾਪਾਂ ਦਾ ਪ੍ਰਾਸਚਿੱਤ ਹੈ ਪਰ ਨਿਰੇ ਸਾਡਿਆਂ ਦਾ ਹੀ ਨਹੀਂ ਸਗੋਂ ਸਾਰੇ ਸੰਸਾਰ ਦਾ ਵੀ" (1 ਯਹੁੰਨਾ 2:1-2)

ਜਿਉਂ ਹੀ ਮਸੀਹਤ ਦੀ ਪਛਾਣ ਇੱਕ ਸਟੇਟ ਚਰਚ (ਰਾਜ ਕਲੀਸੀਆ) ਦੇ ਤੌਰ ਤੇ ਹੋਈ, ਉਦੋਂ ਤੋਂ ਹੀ ਭਿਆਨਕ ਵਿਕਾਸ ਆਪਣੀ ਰਾਹੇ ਤੁਰ ਪਿਆ। ਅਰਥਾਤ ਕਲੀਸੀਆ ਵਿੱਚ ਤਰੁਟੀਆਂ ਫਲਣ ਫੁਲਣ ਲਗ ਗਈਆਂ ਸਨ। ਮੱਤੀ 28:19 ਦੀ ਮਹਾਨ ਸਿੱਖਿਆ ਨੂੰ "ਪਿਤਾ, ਪੁਤਰ ਅਤੇ ਪਵਿਤਰ ਆਤਮ ਦੇ ਨਾਮ' ਤਸਲੀਸ ਦੀ ਸਿੱਖਿਆ ਬਣਾ ਕੇ, ਜੋ ਬਾਈਬਲ ਦੇ ਬਿਲਕੁਲ ਉਲਟ ਹੈ, ਪੇਸ਼ ਕਰ ਦਿੱਤਾ ਗਿਆ।

ਅਸਲ ਵਿੱਚ ਉਹ ਲਿਖਤ ਇੰਜੀਲ ਦੇ ਨੇਮੀ ਨਾਮ ਵਿਖੇ ਹੈ ਜਿਸ ਵਿੱਚ ਪ੍ਰਮੇਸ਼ਰ ਨੇ ਆਪਣੇ ਆਪ ਨੂੰ ਪੁੱਤਰ ਵਿੱਚ ਪਵਿਤਰ ਆਤਮਾ ਦੇ ਦੁਆਰਾ ਸਾਡੇ ਪਿਤਾ ਵਜੋਂ ਪ੍ਰਗਟ ਕੀਤਾ, ਜਿਸ ਵਿੱਚ ਹਰ ਇੱਕ ਨੂੰ ਬਪਤਿਸਮਾ ਲੈਣਾ ਸੀ ਅਤੇ ਯਿਸ਼ੂ ਮਸੀਹ ਦੀ ਕਲੀਸੀਆ ਦੇ ਲਈ ਇਹ ਨਾਮ ਅੱਜ ਭੀ ਮੰਨਣ ਯੋਗ ਹੈ। "ਅਤੇ ਸਭ ਜੋ ਕੁਝ ਤੁਸੀਂ ਕਰੋ ਭਾਵੇਂ ਬਚਨ ਕਰੋ ਭਾਵੇਂ ਕ੍ਰਮ ਕਰੋ ਸਭੋ ਹੀ ਪ੍ਰਭੂ ਯਿਸ਼ੂ ਦੇ ਨਾਮ ਉਤੇ ਕਰੋ ਅਤੇ ਉਹਦੇ ਰਾਹੀਂ ਪਿਤਾ ਪ੍ਰਮੇਸ਼ਰ ਦਾ ਧੰਨਵਾਦ ਕਰੋ।' (ਕੁਲਸੀਆਂ 13:17)

'ਤਸਲੀਸ' ਨੂੰ ਮਾਨਤਾ ਦੇਣੀ ਯਹੂਦੀਆਂ ਲਈ ਵੀ ਇੱਕ ਵੰਗਾਰ ਬਣ ਗਿਆ ਸੀ। ਉਨਾਂ ਦੇ ਲਈ ਤਿੰਨ ਪੁਰਖਾਂ ਤੋਂ ਮਿਲਕੇ ਬਣੇ ਪ੍ਰਮੇਸ਼ਵਰ ਨੂੰ ਮੰਨ ਲੈਣਾ ਸੰਭਵ ਨਹੀਂ ਸੀ ਕਿਉਂਕਿ ਪ੍ਰਮੇਸ਼ਵਰ ਦੇ ਮੁੱਖੋਂ ਨਿਕਲਿਆ ਸਭ ਤੋਂ ਪਹਿਲਾਂ ਹੁਕਮ ਇਹੋ ਹੀ ਸੀ ਕਿ, "ਮੈਂ ਯਹੋਵਾਹ ਤੇਰਾ ਪ੍ਰਮੇਸ਼ਵਰ ਹਾਂ ਜਿਹੜਾ ਤੈਨੂੰ ਮਿਸਰ ਦੇਸ਼ ਤੋਂ ਗੁਲਾਮੀ ਦੇ ਘਰ ਤੋਂ ਕੱਢ ਲਿਆਇਆ ਹਾਂ, ਮੇਰੇ ਸਨਮੁੱਖ ਤੇਰੇ ਲਈ ਦੂਜੇ ਦੇਵਤੇ ਨਾ ਹੋਣ, ਤੂੰ ਆਪਣੀ ਲਈ ਉਕਰੀ ਹੋਈ ਮੂਰਤ ਨਾ ਬਣਾ, ਨਾ ਕਿਸੇ ਚੀਜ਼ ਦੀ ਸੂਰਤ ਜਿਹੜੀ ਉਪਰ ਅਕਾਸ਼ ਵਿੱਚ ਅਤੇ ਹੇਠਾ ਧਰਤੀ ਉਤੇ ਅਤੇ ਜਿਹੜੀ ਧਰਤੀ ਦੇ ਹੇਠਲਿਆਂ ਪਾਣੀਆਂ ਵਿੱਚ ਹੈ---" (ਕੂਚ 20:2-4)

"ਏਸ ਦਿਨ ਨੂੰ ਜਾਣੋ ਅਤੇ ਆਪਣੇ ਹਿਰਦਿਆਂ ਵਿੱਚ ਹੱਥੋਂ ਭਈ ਯੋਹਵਾਹ ਹੀ ਉਤੇ ਅਕਾਸ਼ ਵਿੱਚ ਅਤੇ ਹੇਠਾਂ ਧਰਤੀ ਉਤੇ ਪ੍ਰਮੇਸ਼ਵਰ ਹੈ। ਹੋਰ ਕੋਈ ਹੈ ਹੀ ਨਹੀਂ।" (ਬਿਵਸਥਾ ਸਾਰ 4: 39)

ਤਸਲੀਸ ਦਾ ਇਤਰਾਫ ਯਹੂਦੀਆਂ ਉਤੇ ਕਸ਼ਟਾਂ (ਸਤਾਅ) ਨੂੰ ਵੀ ਲੈ ਕੇ ਆਇਆ। ਉਹਨਾ ਨੂੰ ਸਰਾਪੀ ਅਤੇ ਮਸੀਹ ਅਤੇ ਪ੍ਰਮੇਸ਼ਵਰ ਦੇ ਕਾਤਲ ਗਰਦਾਨਿਆ ਗਿਆ। "ਸਲੀਬ ਦਿੱਤੇ ਗਏ ਦੀ ਮੌਤ ਇਹਨਾਂ ਉਤੇ" ਦਾ ਹੌਕਾ ਦਿੱਤਾ ਗਿਆ। 321 ਸੰਨ ਵਿੱਚ ਉਹਨਾਂ ਨੂੰ ਸਬਤ ਨੂੰ ਮੰਨਣਾ ਰੋਕ ਦਿਤਾ ਗਿਆ ਅਤੇ ਐਤਵਾਰ ਨੂੰ ਮਨਾਉਣ ਦਾ ਜੋਰ ਦਿਤਾ ਗਿਆ। ਸੰਗਤਾਂ ਦੇ ਸਥਾਨ ਡੰਗਰਾਂ ਦੇ ਤਬੇਲਿਆਂ ਵਿੱਚ ਵਟਾ ਦਿੱਤੇ ਗਏ।

ਸਥਾਪਿਤ ਸ਼ਾਹੀ ਕਲੀਸੀਆ ਅਤੇ ਯਿਸ਼ੂ ਮਸੀਹ ਦੀ ਕਲੀਸੀਆ ਵਿਚੱਲਾ ਵੱਡਾ ਫਰਕ, ਕਲੀਸੀਆਈ ਇਤਹਾਸ ਵਿੱਚ ਦਰਜ ਇਸ ਵਿਸਥਾਰ ਵਿੱਚ ਵਿਖਾਇਆ ਗਿਆ ਹੈ- "ਪੋਪ ਅਤੇ ਸਮਰਾਟ (ਰਾਜਾ) ਮਸੀਹੀ ਸੰਸਾਰ ਦੇ ਅਹੁੱਦੇਦਾਰ ਹਨ"

(Great Illustrated History of Church P. 74)

ਜਿਵੇਂ ਲੂਕਾ 22:38 ਵਿੱਚ ਇੰਜੀਲ ਸਿਖਾਉਂਦੀ ਹੈ—ਪੋਪ ਦੀ ਸ਼ਕਤੀ ਅਧੀਨ ਆਤਮਕ ਅਤੇ ਧਰਮ ਨਿਰਪਖਤਾ ਨਾਮ ਦੀਆਂ ਦੋ ਤਲਵਾਰਾਂ ਹਨ। ਇਹ ਦੋ ਤਲਵਾਰਾਂ ਚਰਚ ਦੇ ਅਧਿਕਾਰ ਨਾਲ ਸਬੰਧਤ ਹਨ, - ਆਤਮਕ ਅਤੇ ਧਰਮ ਨਿਰਪੱਖ। ਪਰ ਕਲੀਸੀਆ ਨੇ ਪਹਿਲਿਆਂ ਨੂੰ ਹਥਿਆਰਾਂ ਨਾਲ ਦਬਾ ਲਿਆ ਅਤੇ ਪਿਛਲਿਆਂ ਲਈ ਕਲੀਸੀਆ ਨੇ ਹਦਾਇਤਾਂ (directions) ਜਾਰੀ ਕਰ ਦਿੱਤੀਆਂ। ਪਹਿਲੇ ਜਾਜਕਾਂ ਦੇ ਹੱਥਾਂ ਵਿੱਚ ਸਨ, ਪਿਛਲੇ ਰਾਜਿਆਂ ਅਤੇ ਸਿਪਾਹੀਆਂ ਦੇ ਹੱਥ ਵਿੱਚ ਸਨ - ਪਰ ਸਰਕਾਰੇ ਦਰਬਾਰੇ ਹੁਕਮ ਜਾਜਕ ਦਾ ਚੱਲਦਾ ਸੀ। ਅਸਿਧੇ ਢੰਗ ਨਾਲ ਰਾਜੇ ਅਤੇ ਸਿਪਾਹੀ ਜਾਜਕ ਦੇ ਅਧੀਨ ਹੁੰਦੇ ਸਨ। (ਕਲੀਸੀਆ ਦਾ ਮਹਾਨ ਸਚਿੱਤਰ (Great illustrated history of the church) ਇਤਹਾਸ ਸਫਾ ਨੰ. 94)

ਸੰਪੂਰਨ ਤਿਲੱਸਮ (ਮਾਇਆ/ਅਡੰਬਰ) ਦੀ ਕਲਪਨਾ ਕਰੋ। ਇੱਕ ਮਨੁੱਖ ਦਾ ਦੋ ਤਲਵਾਰਾਂ ਰੱਖਣਾ, ਇਹ ਹਵਾਲਾ ਮਸੀਹ ਦੇ ਦੁੱਖ ਭੋਗਣ ਦੇ ਸਬੰਧ ਵਿੱਚ ਦਿੱਤਾ ਗਿਆ ਸੀ, ਤਾਕਤ ਦਾ ਅਭਿਆਸ ਕਰਨ ਨੂੰ ਸਹੀ ਠਹਿਰਾਉਣ ਲਈ ਇਹ ਹਵਾਲਾ ਅਢੁਕਵਾਂ ਸੀ। (ਲੂਕਾ 22:36-38) ਫਿਰ ਇਹ ਕਿਸ ਤਰਾਂ ਸੰਭਵ ਸੀ ਕਿ ਕਲੀਸੀਆ ਨੂੰ ਆਤਮਕ ਅਤੇ ਸਰੀਰਕ ਦੋ ਤਲਵਾਰਾਂ ਦਿੱਤੀਆਂ ਜਾਣ? ਇਸ ਵਿੱਚ ਮੁਕਤੀ ਦਾਤਾ ਨੇ ਖੁੱਦ ਆਪਣੇ ਵਿਖੇ ਕਿਹਾ ਕਿ ਉਸਨੂੰ ਇੱਕ ਡਾਕੂ ਦੀ ਨਿਆਈ ਮਾਰ ਦਿਤਾ ਜਾਵੇਗਾ, "ਮੈਂ ਤੁਹਾਨੂੰ ਆਖਦਾ ਹਾਂ ਕਿ ਇਹ ਜੋ ਲਿਖਿਆ ਹੋਇਆ ਹੈ ਭਈ ਉਹ ਬੁਰਾਈ ਵਿੱਚ ਗਿਣਿਆਂ ਗਿਆ, ਸੋ ਮੇਰੇ ਹੱਕ ਵਿੱਚ ਉਹਦਾ ਸੰਪੂਰਨ ਹੋਣਾ ਜਰੂਰ ਹੈ ਕਿਉਂ ਕਿ ਜੋ ਕੁਝ ਮੇਰੇ ਵਿਖੇ ਹੈ ਸੋ ਉਹ ਨੇ ਪੂਰਾ ਹੋਣਾ ਹੀ ਹੈ" (ਲੂਕਾ 22:37)

ਮਸੀਹ ਯਿਸ਼ੂ ਦੀ ਕਲੀਸੀਆ ਨੂੰ ਪ੍ਰਮੇਸ਼ਰ ਦੇ ਵਚਨ ਦੀ ਨਿਸ਼ਾਨੀ ਦੇ ਤੌਰ ਕੇਵਲ ਆਤਮਾ ਦੀ ਤਲਵਾਰ ਦਿੱਤੀ ਗਈ ਹੈ। "ਅਤੇ ਮੁਕਤੀ ਦਾ ਟੋਪ ਅਤੇ ਆਤਮਾ ਦੀ ਤਲਵਾਰ ਜੋ ਪ੍ਰਮੇਸ਼ਵਰ ਦੀ ਬਾਣੀ ਹੈ ਲੈ ਲਵੋ----।" (ਅਫਸੀਆਂ 6:17) ਪਰ ਜਮੀਨੀ ਤਲਵਾਰ ਕਦੇ ਨਹੀਂ ਨਾ ਹੀ ਕਦੇ ਯਿਸ਼ੂ ਮਸੀਹ ਨੇ ਹੋਰਨਾਂ ਨੂੰ ਦੁੱਖ ਦਿੱਤਾ ਸਗੋਂ ਇਤਿਹਾਸ ਗਵਾਹ ਹੈ ਉਸ ਖੁੱਦ ਦੁੱਖ ਉਠਾਇਆ।

ਸ਼ਗਿਰਦਾ ਨੂੰ ਪ੍ਰਭੂ ਨੇ ਆਖਿਆ, "---ਚੇਤੇ ਰੱਖੋ ਭਾਈ ਦਾਸ ਆਪਣੇ ਮਾਲਕ ਤੋਂ ਵੱਡਾ ਹੈ। ਜੇ ਉਨਾਂ ਮੈਨੂੰ ਸਤਾਇਆ ਤਾਂ ਉਹ ਤੁਹਾਨੂੰ ਵੀ ਸਤਾਉਣਗੇ। ਜੇ ਉਹਨਾ ਮੇਰੇ

ਬਚਨ ਦੀ ਪਾਲਣਾ ਕੀਤੀ ਤਾਂ ਤੁਹਾਡੇ ਦੇ ਵੀ ਕਰਨਗੇ" (ਯਹੁੰਨਾ 15:20)

ਸਾਡੇ ਮੁਕਤੀਦਾਤਾ ਨੇ 10 ਹੁਕਮਾਂ ਵਿਚ ਇੱਕ ਹੋਰ ਹੁਕਮ ਦਾ ਵਾਧਾ ਕੀਤਾ, "ਮੈਂ ਤੁਹਾਨੂੰ ਨਵਾਂ ਹੁਕਮ ਦਿੰਦਾ ਹਾਂ ਕਿ ਇੱਕ ਦੂਏ ਨੂੰ ਪਿਆਰ ਕਰੋ ਅਰਥਾਤ ਕਿਵੇਂ ਮੈਂ ਤੁਹਾਨੂੰ ਪਿਆਰ ਕੀਤਾ ਤੁਸੀਂ ਵੀ ਇੱਕ ਦੂਏ ਨੂੰ ਪਿਆਰ ਕਰੋ" (ਯਹੁੰਨਾ 13:34) "ਤੂੰ ਖ਼ੂਨ ਨਾ ਕਰੀ" ਦੇ ਹੁਕਮ ਨੂੰ ਕਲੀਸੀਆ ਦੀ "ਦੋ ਤਲਵਾਰਾਂ" ਦੀ ਤਲੀਮ ਨੇ ਖ਼ਤਮ (overruled) ਦਿੱਤਾ ਅਤੇ 'ਖ਼ੂਨ ਕਰਨ' ਨੂੰ ਇੱਕ ਹੁਕਮ ਬਣਾ ਦਿੱਤਾ। ਪੋਪਾਂ ਨੇ ਧਰਮਨਿਰਪੱਖ ਤਲਵਾਰ ਦਾ ਇਸਤੇਮਾਲ ਕੀਤਾ ਅਤੇ ਜਿਹੜੇ ਅਧੀਨ ਨਾ ਹੋਏ ਨਾਸ ਕਰ ਦਿੱਤੇ ਗਏ। ਜੇ ਕੋਈ ਇਸ ਪ੍ਰਭਾਵ ਵੇਖਣਾ ਚਾਹੁੰਦਾ ਹੈ ਤਾਂ ਉਹ ਪੋਪ ਅਰਬਨ II ਦੀ 27 ਨਵੰਬਰ 1095 ਨੂੰ ਕਲਰਮੋਂਟ (Clermont) ਵਿੱਚ ਦਿਤੇ ਭਾਸ਼ਣ ਨੂੰ ਸੁਣ ਲਵੇ, ਜਿਸ ਵਿੱਚ ਉਸਨੇ ਜਹਾਦੀਆਂ ਨੂੰ ਸੱਦਾ ਦਿੱਤਾ ਕਿ ਦੁਸਮਣਾ ਨੂੰ ਮਾਰ ਸੁੱਟਣ। ਜਹਾਦੀਆਂ (Crusaders) ਨੂੰ ਭਰੋਸਾ ਦਿੱਤਾ ਗਿਆ ਕਿ ਉਨਾਂ ਦੇ ਸਭ ਪਾਪ ਮਾਫ ਕਰ ਦਿੱਤੇ ਜਾਣਗੇ ਅਤੇ ਉਹਨਾਂ ਨੂੰ ਉਹਨੇ ਦੇ ਕਿਸੇ ਜੁਰਮ ਦੀ ਸਜਾ ਨਹੀਂ ਦਿੱਤੀ ਜਾਵੇਗੀ।

ਜਦ 1099 ਵਿੱਚ ਉਨਾਂ ਦੀਆਂ ਫੋਜਾਂ ਨੇ ਯਰੂਸਲਮ ਉਤੇ ਕਬਜਾ ਕੀਤਾ ਹਜਾਰਾਂ ਯਹੁਦੀ, ਮੁਸਲਮਾਨ ਅਤੇ ਹੋਰ ਲੋਕ ਮਾਰੇ ਗਏ ਸਨ। 1095 ਤੋਂ 1272 ਤਕ ਸੱਤ ਜਹਾਦਾਂ (Crusaders) ਵਿੱਚ ਲੱਖਾਂ ਲੋਕ ਤਲਵਾਰ ਦੇ ਘਾਟ ਉਤਾਰ ਦਿਤੇ ਗਏ ਸਨ। ਜਹਾਦਾਂ (Crusaders) ਆਪਣੇ ਧਰਮ ਨੂੰ ਨਾ ਮੰਨਣ ਵਾਲਿਆਂ ਨੂੰ ਮਾਰ ਦੇਣ ਦਾ ਅੰਦੋਲਨ ਧੱਕੇ ਨਾਲ ਲੋਕਾਂ ਦਾ ਈਸਾਈ ਕਰਨ, ਮਨਘੜੰਤ ਦੋਸ਼ ਅਤੇ ਵੱਖ ਵੱਖ ਵਿਸ਼ਵਾਸਾਂ ਦੇ ਲੋਕਾਂ ਦਾ ਸਤਾਇਆ ਜਾਣਾ, ਜਾਦੂਗਰਾਂ ਨੂੰ ਜਲਾਣਾ, ਇਨਾਂ ਕਿ 1572 ਦੀ 23/24 ਅਗਸਤ ਦੀ ਅੱਧੀ ਰਾਤ ਨੂੰ ਫਰਾਂਸ ਵਿੱਚ ਹਜਾਰਾਂ ਹਿਉਗਨਟਸ (Huguenots) ਦਾ ਪੁਰਾ ਖੋਜ ਮਿਟਾ ਦਿੱਤਾ ਗਿਆ। (Huguenots) ਫਰਾਂਸ ਵਿੱਚ ਪ੍ਰੋਟੈਸਟੈਟ ਲੋਕਾਂ ਦਾ ਤਬਕਾ, ਜਿੰਨਾਂ ਨੂੰ ਰੋਮਨ ਕੈਥੋਲਿਕ ਦੇ ਪਰੋਕਾਰ ਝੂਠੇ ਦੋਸਾਂ ਵਿੱਚ ਫਸਾ ਕੇ ਸਜਾਵਾ ਦਿੰਦੇ ਸਨ (ਜਾਂ ਮਾਰ ਦਿੰਦੇ ਸਨ) ਇਹ ਸਭ ਕੁਝ "ਪਾਕ ਤਸਲੀਸ ਦੀ ਇੱਜਤ ਦੀ ਖਾਤਰ ਕੀਤਾ ਗਿਆ ਸੀ। ਸਭ ਕੁਝ ਪਿਤਾ ਦੇ ਨਾਮ ਵਿੱਚ, ਪੁੱਤਰ ਦੇ ਨਾਮ ਵਿੱਚ ਅਤੇ ਪਵਿਤਰ ਆਤਮਾ ਦੇ ਨਾਮ ਵਿੱਚ ਕੀਤਾ ਜਾਂਦਾ ਰਿਹਾ।

**ਇੰਜ ਅਵਾਜ ਉਚੀ ਉਚੀ ਪੁਕਾਰ ਰਹੀ ਹੈ:-** ਇਹਨਾਂ ਸਾਰਿਆਂ ਸਮਿਆਂ ਵਿੱਚ ਆਤਮਕ ਬੇਦਾਰੀਆਂ ਵੀ ਹੁੰਦੀਆਂ ਰਹੀਆਂ। ਉਹ ਜਿਹੜੇ ਪਵਿੱਤਰ ਲਿਖਤਾਂ ਉਤੇ

ਸੱਚਾ ਵਿਸ਼ਵਾਸ਼ ਰੱਖਦੇ ਸਨ, ਹਰ ਵੇਲੇ ਉਨਾਂ ਉਤੇ ਕਲੀਸੀਆਂ ਵਲੋਂ ਸਤਾਏ ਜਾਣ ਦਾ ਖਤਰਾ ਬਣਿਆ ਰਹਿੰਦਾ ਸੀ ਅਤੇ ਅਕਸਰ ਹੀ ਉਨਾਂ ਨੂੰ ਮੌਤ ਦੇ ਹਵਾਲੇ ਕਰ ਦਿੱਤਾ ਜਾਂਦਾ ਸੀ ਭਾਵੇ ਉਹ ਐਬਲਿਸਰਾਈਡਰ (Ablisrieder) ਕਲੀਸੀਆ ਹੋਵੇ ਜਾਂ ਵਾਲਡਨੈਮ ਅੰਦੋਲਨ Waldness ਜਾਂ ਕੈਥਰਸ Cathars ਬੋਹੇਮਨ ਭਾਈ (Bohemian Brothers) ਅਤੇ ਹੋਰ ਇਸਤਰਾਂ ਹੋਣ।

Jan Hus (ਜਾਨ ਹਸ) ਜਿਸ ਨੂੰ ਖੁਦਾ ਦੇ ਵਚਨ ਨੇ ਕੀਮਤੀ (ਅਣਮੁਲਾ) ਬਣਾ ਦਿੱਾਤ ਸੀ ਨੂੰ 6 ਜੁਲਾਈ 1415 ਵਿੱਚ ਕੰਸਟੈਂਸ (constance) ਵਿੱਚ ਸਭਾ ਦੇ ਬਜੁਰਗਾਂ ਦੇ ਹਾਸਿਆਂ ਵਿੱਚ ਕਿੱਲੇ ਨਾਲ ਬੰਨ ਕੇ ਸਾੜ ਦਿੱਤਾ ਗਿਆ ਸੀ। ਧਰਤੀ ਸ਼ਹੀਦਾਂ ਦੇ ਖੂਨ ਨਾਲ ਤਰ ਹੋ ਗਈ ਸੀ। ਅਪਰਾਧਾਂ ਦੇ ਫਲ ਜੋ ਪੋਪਾਂ ਨੇ ਆਪਣੇ ਲਈ ਇਕੱਠੇ ਕੀਤੇ ਧਰਤੀ ਤੇ ਮਿਟਾਉਣ ਯੋਗ ਨਹੀਂ ਹਨ। "ਨਾਲੇ ਨਬੀਆਂ ਸੰਤਾਂ ਅਤੇ ਉਹਨਾਂ ਸਭਨਾਂ ਦਾ ਲਹੂ, ਜਿਹੜੇ ਧਰਤੀ ਉਤੇ ਕੋਹੇ ਗਏ ਸਨ, ਉਹ ਦੇ ਵਿੱਚ ਪਾਇਆ ਗਿਆ।"

(ਪ੍ਰ. ਪੋਥੀ 18:24) ਆਖਰੀ ਨਿਆਂ ਦੇ ਸਮੇਂ ਉਨਾਂ ਨੂੰ ਉਨਾਂ ਸਭਨਾ ਦੇ ਸਾਹਮਣੇ ਜਿੰਨਾਂ ਨੂੰ ਉਹਨਾਂ ਵੱਡੀ ਗਿਣਤੀ ਮਾਰਿਆਂ ਸਜਾ ਦਿੱਤੀ ਜਾਵੇਗੀ।

## 'Breakthrough of the reformation'
## ਬਹਾਲੀ ਜਾਂ ਸੁਧਾਰ ਦਾ ਅਰੰਭ

ਕਲੀਸੀਆ ਦੀ ਸ਼ਕਤੀ ਦੇ ਬੇਰੋਕ ਅਭਿਆਸ ਦੇ 1000 ਸਾਲਾਂ ਤੋਂ ਬਾਅਦ ਆਤਮਕ ਨਵੀਨੀਕਰਣ (ਟਿਕਾਉ) ਅਤੇ ਬਾਈਬਲ ਵਲ ਮੁੜਨਾ ਹੋਇਆ। ਸੰਤ ਮਾਰਟਿਕ ਲੂਥਰ, ਹੈਲਡਰਿਕ ਜਿਵਿੰਗਲੀ, ਜੋਨ ਕੈਲਵਿਨ, ਸੈਕਵੰਨ ਫੱਲਡ, ਏਰਾਸਮਸ, ਥੋਮਸ ਮੁਨਤਜਰ, ਮਲਕਿਉਰ ਹਾਫਮੈਨ ਅਤੇ ਹੋਰ ਜਿੰਨਾ ਨੇ ਪੋਪ ਅਤੇ ਕਲੀਸੀਆ ਦਾ ਵਿਰੋਧ ਕੀਤਾ ਨੇ ਸੁਧਾਰ ਦੇ ਅਰੰਭ ਹੋਣ ਵਿੱਚ ਮਦਦ ਕੀਤੀ। ਅਕਤੂਬਰ 31, 1517 ਨੂੰ ਵਿਟਨਬਰਗ ਦੇ ਕੈਸਟਲ ਚਰਚ ਦੇ ਦਰਵਾਜੇ ਤੇ 95 ਦੋਸ਼ਾਂ ਦੀ ਦੋਸ਼ ਪ੍ਰੱਤੀ ਮੜਨਾ ਉਨੀ ਹੀ ਮਸਹੂਰ ਇਤਹਾਸਕ ਘਟਨਾ ਹੈ, ਜਿੰਨੀ ਕਿ ਅਪ੍ਰੈਲ 17, 1521 ਨੂੰ ਵੋਰਮਸ (worms) ਵਿੱਚ ਸਮਰਾਟ ਅਤੇ ਪ੍ਰਧਾਨਾਂ ਦੇ ਸਾਹਮਣੇ ਲੂਥਰ ਦੇ ਪੇਸ਼ ਹੋਣ ਦੀ ਘਟਨਾ ਮਸ਼ਹੂਰ ਹੈ। ਉਸ ਦਾ ਬਿਆਨ ਬਹੁਤ ਵਧੀਆ ਦਸਤਾਵੇਜ ਹੈ ਜਦ ਤਕ ਮੈਨੂੰ ਲਿਖਤਾਂ ਦੀ ਗਵਾਹੀ ਜਾਂ ਸ਼ਪਸ਼ਟ ਕਾਰਨ ਨੇ ਮੋਹ ਨਾ ਲਿਆ (ਕਿਉਂਕਿ

ਮੈਂ ਨਾਂ ਤਾਂ ਪੋਪ ਵਿਚ ਨਾ ਹੀ ਇਕੱਲੀਆ ਸਭਾਵਾਂ ਉਤੇ ਨਿਹਚਾ ਕਰਦਾ ਹਾਂ, ਇਹ ਜਗ ਜਾਹਰ ਹੈ ਕਿ ਉਹ ਅਕਸਰ ਹੀ ਗਲਤ ਅਤੇ ਇੱਕ ਦੂਜੇ ਵਿਰੁੱਧ ਹਨ) ਜਿੰਨਾਂ ਲਿਖਤਾਂ ਦਾ ਮੈਂ ਅਧਿਐਨ ਕੀਤਾ ਉਹਨਾਂ ਨੇ ਮੈਨੂੰ ਬੰਨ ਲਿਆ ਅਤੇ ਮੇਰਾ ਜ਼ਮੀਰ ਪ੍ਰਮੇਸ਼ਰ ਦੇ ਵਚਨ ਦਾ ਕੈਦੀ ਹੋ ਗਿਆ। ਮੈਂ ਕਿਸੇ ਚੀਜ ਦਾ ਇਨਕਾਰੀ ਨਹੀਂ ਹੋ ਸਕਦਾ ਅਤੇ ਨਾ ਹੀ ਹੋਵਾਂਗਾ ਕਿਉਂਕਿ ਆਪਣੇ ਅੰਤਹਕਰਨ ਦਾ ਵਿਰੋਧ ਕਰਨਾ ਨਾ ਤਾਂ ਠੀਕ ਹੈ ਅਤੇ ਨਾ ਹੀ ਸੁਰੱਖਿਅਤ ਹੈ। ਖੁਦਾ ਮੇਰੀ ਮਦਦ ਕਰੇ। ਆਮੀਨ। (Grobe illustrierte Kirchengeschichte P.136)

ਬਦਕਿਸਮਤੀ ਨਾਲ ਨਵੀਆਂ ਬਣੀਆਂ ਕਲੀਸੀਆਵਾਂ, ਲੂਥਰਨ, ਰਿਫਾਰਮਡ, ਐਗਲੀਕਨਾ ਨੇ ਵੀ ਨੀਸੀਆਣੀ ਅਕੀਦੇ ਨੂੰ ਆਪਣਾ ਲਿਆ ਅਤੇ ਉਹਨਾਂ ਨੇ ਅੱਜ ਤੱਕ ਛੋਟੇ ਬੱਚਿਆਂ ਦੇ ਬਪਤਿਸਮੇ ਦੇਣ ਨੂੰ ਜਾਰੀ ਰੱਖਿਆ ਹੋਇਆ ਹੈ ਅਤੇ ਉਹਨਾਂ ਵਿੱਚ ਤਸਲੀਸ ਦੀ ਸਿੱਖਿਆ ਪਾਈ ਜਾਂਦੀ ਹੈ। ਇਹਦੇ ਨਾਲ ਨਾਲ ਹੀ ਹੋਰ ਬੇਦਾਰੀਆਂ ਵੀ ਆਈਆਂ, ਖਾਸ ਕਰਕੇ ਪ੍ਰੋਟੋਸਟੈਂਟ ਇਲਾਕਿਆਂ ਵਿੱਚ ਜਿਵੇਂ ਐਨਾਬਪਟਿਸਟ ਲਹਿਰ/ ਬੇਦਾਰੀ Anabaptist movement.

ਆਤਮਕ ਨਵੀਨਤਾਈ/ਨਵਾਪਨ (Renewal) ਵਿੱਚ ਯਿਸ਼ੂ ਮਸੀਹ ਦੀ ਖੁਸ਼ਖਬਰੀ ਦੇ ਪ੍ਰਚਾਰਕਾਂ ਨੇ ਬਾਈਬਲ ਦੀਆਂ ਸੱਚਾਈਆਂ ਉਤੇ ਵਧੇਰੇ ਜ਼ੋਰ ਦਿੱਤਾ। ਮੁਕਤੀ ਅਤੇ ਮਸੀਹ ਦੇ ਲਹੂ ਤੋਂ ਪਾਪਾਂ ਦੀ ਮਾਫੀ ਦਾ ਪ੍ਰਚਾਰ ਸਭ ਤੋਂ ਵੱਧ ਕੀਤਾ ਜਾਂਦਾ ਰਿਹਾ ਸੀ। ਹਰ ਕਿਤੇ ਹਰ ਪਾਸੇ ਬਹੁਤਿਆਂ ਦੇ ਜੀਵਨ ਬਦਲ ਗਏ। ਜੋਨ ਸਮਿਥ ਬੈਪਟਿਸਟ ਕਲੀਸੀਆ ਦਾ ਸੰਸਥਾਪਕ, ਜੋਨ ਵੈਜਲੀ ਜਿੰਨ੍ਹੇ ਮੈਥੋਡਿਸਟਾਂ ਨੂੰ ਪ੍ਰੇਰਿਆ। ਮੈਨੋ ਸਾਈਮਨ ਜਿਸਦੇ ਪ੍ਰਚਾਰ ਨੇ ਮਨੋਨੀਤ ਕਲੀਸੀਆ ਦੀ ਸੰਥਾਪਨਾ ਕੀਤੀ, ਮੁਕਤੀ ਫੋਜ ਦਾ ਸੰਸਥਾਪਕ ਵਿਲਿਅਮ ਬੂਥ, ਡੈਵਿਡ ਮੂਡੀ, ਜਾਰਜ ਮੂਲਰ ਅਤੇ ਬਥੇਰੇ ਹੋਰ ਜਿੰਨਾ ਨੇ ਤੋਬਾ ਉਤੇ ਅਤੇ ਮੁਕਤੀ ਦੇ ਨਿੱਜੀ ਤਜਰਬੇ ਤੋਂ ਮਸੀਹ ਵਿੱਚ ਬਦਲ ਜਾਣ ਉਤੇ ਵਧੇਰੇ ਜ਼ੋਰ ਦੇ ਕੇ ਪ੍ਰਚਾਰ ਕੀਤਾ। ਰੋਮੀਆਂ 5-9 ਦੀ ਲਿਖਤ ਨਾ ਕੇਵਲ ਲੂਥਰ ਵਾਸਤੇ ਮਹੱਤਵਪੂਰਣ ਸੀ ਸਗੋਂ ਖੁਸ਼ਖਬਰੀ ਦੇ ਸਾਰਿਆਂ ਪ੍ਰਚਾਰਕਾਂ ਵਾਸਤੇ ਮਹੱਤਵਪੂਰਣ ਸੀ। "ਸੋ ਜਦੋਂ ਅਸੀਂ ਹੁਣ ਉਹਦੇ ਲਹੂ ਨਾ ਧਰਮੀ ਠਹਿਰਾਏ ਗਏ ਤਾਂ ਇਸ ਨਾਲੋਂ ਬਹੁਤ ਵਧਕੇ ਅਸੀਂ ਉਹਦੇ ਰਾਹੀਂ ਉਸਦੇ ਕ੍ਰੋਧ ਤੋਂ ਬਚ ਜਾਵਾਂਗੇ।" ਪ੍ਰਮੇਸ਼ਰ ਦੇ ਸਨਮੁੱਖ ਕੋਈ ਆਪਣੇ ਕੰਮਾਂ ਨਾਲ ਧਰਮੀ ਨਹੀਂ ਠਹਿਰਦਾ ਸਗੋਂ ਮਸੀਹ ਯਿਸ਼ੂ

ਦੁਆਰਾ ਮੁਕਤੀ ਦੇ ਸੰਪੂਰਣ ਹੋ ਚੁਕੇ ਕੰਮ ਉਤੇ ਨਿਹਚਾ ਕਰਨ ਦੇ ਦੁਆਰਾ।

ਇਹ ਕਿਹਾ ਜਾ ਸਕਦਾ ਹੈ ਕਿ ਬਹਾਲੀ ਦੇ 500 ਸਾਲਾਂ ਤੋਂ ਬੇਦਾਰੀ ਲਿਆਉਣ ਵਾਲੇ ਵੱਖ ਪ੍ਰਚਾਰਕਾਂ ਦੀ ਸਹਾਇਤਾ ਨਾਲ ਲੋਕਾਂ ਦੀ ਵਚਨ ਦੀ ਗਹਿਰਾਈ ਵਿੱਚ ਜਾਣ ਅਤੇ ਪਵਿੱਤਰ ਜੀਵਣ ਵੱਲ ਅਗਵਾਈ ਹੋਈ। ਸੱਚਾ ਵਿਸ਼ਵਾਸ਼ ਹਮੇਸ਼ਾ ਪ੍ਰਮੇਸ਼ਵਰ ਦੇ ਵਚਨ ਦੇ ਪ੍ਰਚਾਰੇ ਜਾਣ ਤੋਂ ਆਉਂਦਾ ਹੈ। (ਰੋਮੀਆਂ 10:17) ਅਬਰਾਹਮ ਜਿਸ ਨੂੰ ਵਿਸ਼ਵਾਸ਼ ਦਾ ਪਿਤਾ ਆਖਿਆ ਗਿਆ ਹੈ ਦੇ ਵਿਖੇ ਲਿਖਿਆ ਗਿਆ "ਅਬਰਾਹਮ ਨੇ ਪ੍ਰਮੇਸ਼ਰ ਉੱਤੇ ਨਿਹਚਾ ਕੀਤੀ ਅਤੇ ਇਹ ਉਹਦੇ ਲਈ ਧਰਮ ਗਿਣੀ ਗਈ" (ਰੋਮੀਆ 4:3, ਇਬਰਾਨੀ 11:8–10) ਹਰ ਇੱਕ ਇਨਸਾਨ ਝੂਠਾ ਅਤੇ ਪ੍ਰਮੇਸ਼ਵਰ ਸੱਚਾ ਠਹਿਰੇ" (ਰੋਮੀਆਂ 3:4)

ਬਹਾਲੀ ਦੀ 500ਵੀਂ ਵਰੇ ਗੰਢ ਉਤੇ 2017 ਵਿੱਚ ਹਜਾਰ ਲੇਖ ਲਿਖੇ ਗਏ ਹਨ: ਸੈਂਕੜੇ ਘਟਨਾਵਾਂ ਹੋਈਆਂ ਪਰ ਜੇ ਨੇੜਿਉਂ ਨਿਰੀਖਣ ਕੀਤਾ ਜਾਵੇ ਤਾਂ ਇਹ ਲੱਭਦਾ ਹੈ ਕਿ ਸਾਰੀਆਂ ਕਲੀਸੀਆਵਾਂ ਅਤੇ ਅਜਾਦ ਕਲੀਸੀਆਂ ਉਸੇ ਹੀ ਅਕੀਦੇ ਨਾਲ ਖੜੀਆਂ ਹਨ, ਜਿਹੜਾ ਉਹਨਾ ਨੇ ਆਪਣੀ ਸਥਾਪਨਾ ਵੇਲੇ ਸਥਾਪਤ ਕਰ ਲਿਆ ਸੀ। ਉਨਾ ਵਿੱਚ ਵਿਚਾਰਕ ਮਤਭੇਦ ਹੋਣ ਦੇ ਬਾਵਜੂਦ ਵੀ ਸਾਰੀਆਂ ਧੀਆਂ ਕਲੀਸੀਆਵਾਂ ਮਾਂ ਕਲੀਸੀਆ ਦੀ ਗੋਦ ਵਿੱਚ ਵਾਪਸ ਜਾ ਰਹੀਆਂ ਹਨ। ਇਹ "ਅਨੇਕਤਾ ਵਿੱਚ ਏਕਤਾ ਹੈ" "Unity in diversity" ਪਰ ਮੁਕਤੀਦਾਤਾ ਯਿਸ਼ੂ ਮਸੀਹ ਨੇ ਇੱਕ ਵੱਖਰੇ ਢੰਗ ਦੀ ਏਕਤਾ, ਪ੍ਰਮੇਸ਼ਵਰ ਦੇ ਵਚਨ ਅਤੇ ਇੱਛਾ ਦੇ ਅਨੁਸਾਰ ਪ੍ਰਮੇਸ਼ਵਰ ਸੰਗ ਏਕਤਾ ਦਾ ਹਵਾਲਾ ਦਿੱਤਾ ਹੈ। "ਮੈਂ ਉਹਨਾਂ ਵਿੱਚ ਅਤੇ ਤੂੰ ਮੇਰੇ ਵਿੱਚ ਤਾਂ ਕਿ ਉਹ ਸਿੱਧ ਹੋ ਕੇ ਇੱਕ ਹੋ ਜਾਣ ਭਈ ਜਗਤ ਜਾਣ ਲਵੇ ਜੋ ਤੈਂ ਮੈਨੂੰ ਘੱਲਿਆ ਅਤੇ ਉਹਨਾਂ ਨਾਲ ਪਿਆਰ ਕੀਤਾ ਜਿਵੇ ਤੈਂ ਮੇਰੇ ਨਾਲ ਪਿਆਰ ਕੀਤਾ।" (ਯਹੂੰਨਾ 17:23)

**The Last Message before the return of Christ, which is now going Forth**

**"ਮਸੀਹ ਦੀ ਵਾਪਸੀ ਤੋਂ ਪਹਿਲਾਂ ਹੁਣ ਪ੍ਰਚਾਰਿਆਂ ਜਾ ਰਿਹਾ ਆਖਰੀ ਸੰਦੇਸ਼"**

**"ਇੱਕ ਅਵਾਜ਼ ਉਚੀ ਉਚੀ ਪੁਕਾਰ ਰਹੀ ਹੈ: ਹੇ ਲੋਕੋ, ਤੁਹਾਡੇ ਵਿੱਚ ਹਰ ਕੋਈ ਸੁਣ ਲਵੇ।"** ਪਵਿੱਤਰ ਆਤਮਾ ਦੇ ਅਭਿਸ਼ੇਕ ਦੁਆਰਾ 20ਵੀਂ ਸਦੀ ਦੇ ਅਰੰਭ ਵਿੱਚ ਪੈਂਤੀ ਕਾਸਟਲ ਬੇਦਾਰੀ ਸ਼ੁਰੂ ਹੋਈ। ਨਾ ਕੇਵਲ 1906 ਵਿੱਚ ਲਾਉਸ ਏਂਜੰਲਸ ਦੀ ਅਜੂਸਾ

ਸਟਰੀਟ ਵਿੱਚ ਹੀ ਸਗੋਂ ਸਾਰਿਆਂ ਮੁਲਕਾਂ ਵਿੱਚ ਵਿਸ਼ਵਾਸ਼ੀਆਂ ਨੇ ਖਾਸ ਪ੍ਰਾਥਨਾ ਸਭਾਵਾਂ ਵਿੱਚ, ਪਵਿੱਤਰ ਆਤਮਾ ਦੇ ਅਲੌਕਿਕ ਕੰਮ ਦਾ ਅਨੁਭਵ ਕੀਤਾ।

ਪਹਿਲੀ ਅਤੇ ਦੂਜੀ ਸੰਸਾਰ ਜੰਗ ਦੌਰਾਨ ਪ੍ਰਭੂ ਦੇ ਮੱਤੀ 24 ਵਿੱਚਲੇ ਸ਼ਬਦ ਖਾਸ ਮਹੱਤਤਾ (Significance) ਵਿੱਚ ਸਾਹਮਣੇ ਆਏ। ਉਥੇ ਯਿਸ਼ੂ ਨੇ ਅੰਤ ਸਮੇਂ ਦੇ ਨਿਸ਼ਾਨਾ ਦੇ ਸਬੰਧ ਵਿੱਚ ਲੜਾਈਆਂ ਅਤੇ ਲੜਾਈਆਂ ਦੀ ਅਵਾਈਆਂ, ਕਾਲ ਅਤੇ ਮਹਾਂਮਾਰੀਆਂ ਦੇ ਵਿਖੇ ਬੋਲਿਆ ਹੈ। ਇਸ ਲਈ 20ਵੀਂ ਸਦੀ ਦੇ ਪਹਿਲੇ ਅੱਧ ਵਿੱਚ, ਬੇਦਾਰੀ ਸਭਾਵਾਂ ਦੇ ਦੁਆਰਾ ਮਸੀਹ ਦੀ ਅੱਟਲ ਵਾਪਸੀ ਵਿੱਚ ਲੋਕਾਂ ਦਾ ਵਿਸ਼ਵਾਸ਼ ਹੋਰ ਜਿਆਦਾ ਮਜਬੂਤ ਹੋਇਆ। ਲੂਕਾ 21:31 ਵਿੱਚ ਵੀ ਪ੍ਰਭੂ ਨੇ ਅੰਤ ਸਮਿਆਂ ਵਿਖੇ ਬੋਲਦਿਆਂ ਆਖਿਆ, 'ਇਸ ਤਰਾਂ ਨਾਲ ਜਾਂ ਤੁਸੀਂ ਵੇਖੋ ਭਾਈ ਏਹ ਗੱਲਾਂ ਹੁੰਦੀਆਂ ਹਨ ਤਾਂ ਜਾਣੋ ਜੋ ਪ੍ਰਮੇਸ਼ਵਰ ਦਾ ਰਾਜ ਨੇੜੇ ਹੈ।"

"ਪਰ ਬੇਨਤੀ ਕਰਦਿਆਂ ਹਰ ਵੇਲੇ ਜਾਗਦੇ ਰਹੋ ਭਈ ਤੁਸੀਂ ਉਹਨਾਂ ਸਭਨਾਂ ਗੱਲਾਂ ਤੋਂ ਜਿਹੜੀਆਂ ਹੋਣ ਵਾਲੀਆਂ ਹਨ ਬਚ ਸਕੋ ਅਤੇ ਮਨੁੱਖ ਦੇ ਪੁੱਤਰ ਦੇ ਸਾਹਮਣੇ ਖੜੇ ਹੋ ਸਕੇ" (ਲੂਕਾ 21:36)

ਦੂਜੀ ਸੰਸਾਰ ਜੰਗ ਵਿੱਚ ਛੇ ਕਰੋੜ ਜੰਗ ਪ੍ਰਭਾਵਤਾਂ ਅਤੇ 60 ਲੱਖ ਯਹੂਦੀਆਂ ਦੇ ਕਤਲੇਆਮ ਨੇ ਸੰਸਾਰ ਦਾ ਚਿਹਰਾ ਮੋਹਰਾ ਮੂਲੋਂ ਹੀ ਬਦਲ ਕੇ ਰੱਖ ਦਿਤਾ। ਜਰਮਨੀ ਅਤੇ ਯੂਰਪ ਤਬਾਹ ਹੋ ਗਏ ਸਨ। ਸਾਰੇ ਸੰਸਾਰ ਉਤੇ ਜੰਗ ਦਾ ਅਸਰ ਮਹਿਸੂਸ ਕੀਤਾ ਗਿਆ ਸ਼ਾਂਤ ਮਹਾਂਸਾਗਰ ਵੀ ਅਛੂਤਾ ਨਾ ਰਿਹਾ (ਸ਼ਾਂਤ ਮਹਾਂਸਾਗਰ ਦੁਨੀਆਂ ਦਾ ਸਭ ਤੋਂ ਵੱਡਾ ਸਾਗਰ ਜੋ 630.80 ਲੱਖ ਮਰੁੱਬਾ ਮੀਲ ਵਿੱਚ ਫੈਲਿਆ ਹੋਇਆ ਹੈ) ਇਹ ਜੰਗ ਹੀਰੋਸ਼ੀਆਂ ਅਤੇ ਨਾਗਾਸਾਕੀ ਉਤੇ ਭਿਆਨਕ ਐਟਮੀ ਬੰਬਬਾਰੀ ਦੇ ਨਾਲ ਖਤਮ ਹੋ ਗਿਆ। ਸਾਰੇ ਬਾਈਬਲ ਦੇ ਮੰਨਣ ਵਾਲਿਆਂ ਨੇ ਮੰਨ ਲਿਆ ਸੀ ਕਿ ਕ੍ਰਿਪਾ ਦੇ ਸਮੇਂ ਦਾ ਅੰਤ ਨੇੜੇ ਸੀ। ਪਰ ਸਾਡੇ ਪ੍ਰਭੂ ਨੇ ਅੰਤ ਹੋਣ ਤੋਂ ਪਹਿਲਾਂ ਹੋਣ ਵਾਲੀਆਂ ਜਰੂਰੀ ਗੱਲਾਂ ਵਿਖੇ ਸਾਫ ਸਾਫ ਕਿਹਾ ਹੈ "ਅਤੇ ਰਾਜ ਦੀ ਇਸ ਖੁਸ਼ਖਬਰੀ ਦਾ ਪ੍ਰਚਾਰ ਸਾਰੀ ਦੁਨੀਆਂ ਵਿੱਚ ਕੀਤਾ ਜਾਵੇਗਾ ਜੋ ਸਭ ਕੌਮਾਂ ਉਤੇ ਸਾਖੀ ਹੋਵੇ ਤਦ ਅੰਤ ਆਵੇਗਾ" (ਮੱਤੀ 24:14)

ਦੂਜੇ ਸੰਸਾਰ ਜੰਗ ਤੋਂ ਛੇਤੀ ਬਾਅਦ 7 ਮਈ 1946 ਨੂੰ ਅਮਰੀਕਨ ਬੈਪਟਿਸਟ ਪਾਦਰੀ ਵਿਲੀਅਮ ਬ੍ਰਾਨਹਮ ਨੂੰ ਪੋਲੁਸ ਦੀ ਤਰਾਂ (ਕਰੱਤਵ 9:1-9) ਸੁਰਗੀ ਸੱਦਾ

ਪ੍ਰਾਪਤ ਹੋਇਆ। ਭਾਵੇਂ ਪ੍ਰਚਾਰਕ ਨੂੰ ਪਹਿਲਾਂ ਵੀ 11 ਜੂਨ 1933 ਨੂੰ ਉਹੀਓ ਨਦੀ ਵਿੱਚ ਬਪਤਿਸਮੇ ਦਿੰਦਿਆਂ ਅਲੌਕਿਕ ਜੋਤਮਾਨ ਬੱਦਲ ਵਿਚੋਂ ਜਿਸ ਨੂੰ ਉਥੇ ਹਾਜਰ 3000 ਲੋਕਾਂ ਨੇ ਵੇਖਿਆ ਸੀ ਅਵਾਜ ਆਈ "ਜਿਸ ਤਰਾਂ ਯਹੁੰਨਾ ਬਪਤਿਸਮਾ ਦੇਣ ਵਾਲਾ ਮਸੀਹ ਦੀ ਪਹਿਲੀ ਆਮਦ ਦੇ ਅੱਗੇ ਅੱਗੇ ਭੇਜਿਆ ਗਿਆ ਸੀ, ਤੈਨੂੰ ਇੱਕ ਸੰਦੇਸ਼ ਨਾਲ ਭੇਜਿਆ ਗਿਆ ਹੈ ਜਿਹੜਾ ਮਸੀਹ ਦੀ ਦੂਜੀ ਆਮਦ ਅੱਗੇ ਅੱਗੇ ਚਲੇਗਾ।" ਇਸ ਗੱਲ ਨੂੰ ਅਖਬਾਰਾਂ ਖਾਸ ਕਰ ਅੰਤਰਰਾਸ਼ਟਰੀ ਯੁਨਾਈਟਡ ਪ੍ਰੈਸ ਵਿੱਚ ਛਾਪਿਆ ਗਿਆ। ਉਹਦੇ ਰਾਹੀਂ ਚੰਗਾਈ ਦੀ ਬੇਦਾਰੀ ਆਈ ਖਾਸ ਤੌਰ ਤੇ ਪੈਤੀਕਾਸਟਲ ਕਲੀਸੀਆ ਵਿਚ ਅਤੇ ਛੇਤੀ ਹੀ ਸਾਰੀ ਧਰਤੀ ਤੇ ਫੈਲ ਗਈ। ਉਹ ਪ੍ਰਮੇਸ਼ਰ ਵਲੋਂ ਪ੍ਰਮੇਸ਼ਰ ਦੇ ਵਚਨ ਨਾਲ ਭੇਜਿਆ ਗਿਆ ਮਨੁੱਖ ਸੀ, ਉਸਦੇ ਰਾਹੀਂ ਆਇਆ ਸੰਦੇਸ਼ ਮਸੀਹ ਦੀ ਦੂਜੀ ਆਮਦ ਦੇ ਅੱਗੇ ਚਲਦਾ ਹੈ। ਰੱਬੀ ਇਖਤਿਆਰ ਅਤੇ ਚੰਗਾਈ ਦੀਆਂ ਦਾਤਾਂ ਨਾਲ ਭਰਕੇ ਹਜਾਰਾਂ ਲੋਕਾਂ ਵਿੱਚ ਪ੍ਰਚਾਰ ਸਭਾਵਾਂ ਵਿੱਚ ਪ੍ਰਚਾਰ ਕੀਤਾ, ਪਾਪੀਆਂ ਨੂੰ ਤੋਬਾ ਦੇ ਲਈ ਸੱਦਿਆ ਅਤੇ ਉਨਾਂ ਨੂੰ ਯਿਸ਼ੂ ਮਸੀਹ ਨੂੰ ਆਪਣਾ ਮੁਕਤੀਦਾਤਾ ਸਵੀਕਾਰ ਕਰ ਲੈਣ ਲਈ ਪ੍ਰੇਰਿਆ। ਉਸਦੇ ਪ੍ਰਚਾਰ ਤੋਂ ਹਜਾਰਾਂ ਲੋਕਾਂ ਨੇ ਯਿਸ਼ੂ ਮਸੀਹ ਨੂੰ ਆਪਣਾ ਮੁਕਤੀਦਾਤਾ ਮੰਨਿਆ। ਪ੍ਰਚਾਰ ਤੋਂ ਬਾਅਦ ਪ੍ਰਾਥਨਾ ਦੌਰਾਨ ਅੰਨਿਆ ਨੇ ਆਪਣੀ ਅੱਖਾਂ ਹਾਸਿਲ ਕੀਤੀਆਂ, ਲੰਗੜੇ ਚੱਲੇ ਫਿਰੇ, ਅਤੇ ਹਰ ਕਿਸਮ ਦੀਆਂ ਬਿਮਾਰੀਆਂ ਤੋਂ ਬਹੁਤੇ ਲੋਕ ਚੰਗੇ ਹੋਏ।

ਮੈਂ 1955-1965 ਤੱਕ ਦਾ ਉਸਦੀ ਵਿਲਖੱਣ ਸੇਵਕਾਈ ਦਾ ਅੱਖੀਂ ਡਿੱਠਾ ਅਤੇ ਕੰਨੀ ਸੁਣਿਆ ਗਵਾਹ ਹਾਂ ਅਤੇ ਪ੍ਰਮੇਸ਼ਰ ਨੇ ਜੋ ਕੁਝ ਸਾਡੇ ਸਮੇਂ ਵਿੱਚ ਕੀਤਾ ਹੈ, ਉਸਦੀ ਗਵਾਹੀ ਸਾਰੇ ਸੰਸਾਰ ਦੇ ਦੇਣ ਲਈ ਪਾਬੰਦ ਹਾਂ। 1949 ਵਿੱਚ ਜਦੋਂ ਮੈਂ ਜਵਾਨ ਸਾਂ, ਵਿਲਿਅਮ ਬ੍ਰਾਨਹਾਮ ਅਤੇ ਉਸਦੀ ਸੇਵਾ ਵਿੱਚ ਹੋਈਆਂ ਵਿਲਖੱਣ ਗੱਲਾਂ ਦੇ ਵਿਖੇ ਪਹਿਲੀ ਵਾਰ ਸੁਣਿਆ। ਮੇਰੇ ਅੰਦਰ ਇਸ ਪ੍ਰਮੇਸ਼ਵਰ ਦੇ ਜਨ ਨੂੰ ਆਪ ਮਿਲਣ ਦੀ ਤਾਂਘ ਸੀ। ਅਗਸਤ 1955 ਵਿੱਚ ਮੇਰੀ ਇਹ ਇੱਛਾ ਪੂਰੀ ਹੋਈ। ਮੈਂ ਕਾਰਲਸਰੂਹੀ (Karlesruhe) ਵਿਖੇ ਉਸਦੀਆਂ ਸੁਭਾਗੀਆਂ ਸਭਾਵਾਂ ਅਤੇ ਉਸਨੂੰ ਨਿੱਜੀ ਰੂਪ ਵਿੱਚ ਜਾਨਣ ਦਾ ਗਵਾਹ ਬਣਿਆ। ਜਦ ਅਸੀਂ ਪਹਿਲੀ ਵਾਰ ਮਿਲੇ ਉਸ ਮੈਨੂੰ ਆਖਿਆ, "ਤੂੰ ਖੁਸ਼ਖਬਰੀ ਦਾ ਇੱਕ ਪ੍ਰਚਾਰਕ ਹੈ" ਮੈਨੂੰ ਉਸ ਦਿਨ ਤੋਂ ਹੀ ਇਸ ਇਲਾਹੀ ਪੁਰਖ ਦੇ ਵਿਸ਼ਵਾਸ਼ ਅਤੇ ਸਿਖਿਆ ਨੂੰ ਜਾਣ ਲੈਣ ਦੀ ਤਮੰਨਾ ਹੋ ਗਈ। ਜੂਨ 1958 ਵਿੱਚ 'ਚੰਗਾਈ ਸਮੇਲਨ ਦੀ ਮਹਾਨ ਅਵਾਜ' ਜਾਂ ਚੰਗਾਈ ਸਭਾ ਵਿੱਚ ਮਹਾਨ ਸੱਦਾ

(Voice of Healing Conference) ਸਭਾ ਜੋ ਤਲਾਮ, ਟੈਕਸਾਸ, ਅਸਰੀਮ ਵਿੱਚ ਹੋਈ ਸੀ, ਮੈਂ ਇੱਕ ਵਾਰ ਫਿਰ ਉਸਦੀ ਸੇਵਕਾਈ ਦੀ ਦੈਵੀ ਤਸਦੀਕ ਤੋਂ ਪ੍ਰੇਰਿਆ ਗਿਆ ਅਰਥਾਤ ਮੈਨੂੰ ਪੂਰਾ ਵਿਸ਼ਵਾਸ਼ ਹੋ ਗਿਆ ਕਿ ਉਸਦੀ ਸੇਵਕਾਈ ਪ੍ਰਮੇਸ਼ਰ ਵਲੋਂ ਸੀ ਅਤੇ ਉਥੇ ਮੈਨੂੰ ਮੁੜ ਤੋਂ ਉਹਦੇ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ। ਉਸ ਮੈਨੂੰ ਆਖਿਆ, "ਭਾਈ ਫਰੈਂਕ ਤੂੰ ਇਸ ਸੰਦੇਸ਼ ਨੂੰ ਲੈ ਕੇ ਜਰਮਨੀ ਨੂੰ ਮੁੜ ਜਾਹ' ਉਦੋਂ ਤੋਂ ਮੈਂ ਉਸਦੇ ਸਾਰੇ ਟੇਪ ਕੀਤੇ ਹੋਏ ਸੰਦੇਸ਼ (Sermous) ਨੂੰ ਡਾਕ ਦੁਆਰਾ (by mail) ਪ੍ਰਾਪਤ ਕੀਤਾ। 3 ਦਸੰਬਰ 1962 ਨੂੰ ਸਾਡੀ ਤੀਜੀ ਮਿਲਣੀ ਦੌਰਾਨ, ਮੇਰੇ ਸੱਦੇ ਨੂੰ ਜੋ ਮੈਨੂੰ ਅਪ੍ਰੈਲ 2,1962 ਨੂੰ ਮਿਲਿਆ ਸੀ ਭਈ ਬ੍ਰਾਨਹਮ ਨੇ ਉਸ ਗੱਦੇ ਨੂੰ ਤਸਦੀਕ ਕਰ ਦਿਤਾ ਅਤੇ ਆਖਿਆ, "..... ਭੋਜਨ ਜੋ ਤੂੰ ਜਮਾਂ ਕਰਨਾ ਹੈ ਇਸ ਸਮੇਂ ਲਈ ਵਾਅਦਾ ਕੀਤਾ ਹੋਇਆ ਵਚਨ ਹੈ........।

ਜਿਸ ਤਰਾਂ ਪ੍ਰਭੂ ਨੇ ਮਹਾਨ ਸੱਦੇ ਵਿੱਚ ਆਖਿਆ, ਪ੍ਰਾਣਾ ਦੀ ਮੁਕਤੀ ਅਤੇ ਦੇਹੀਆਂ ਦੀ ਚੰਗਾਈ ਖੁਸ਼ਖਬਰੀ ਦੀ ਮੁਨਾਦੀ ਨਾਲ ਜੁੜੀਆਂ ਹਨ (belong to): "ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਇਹ ਨਿਸ਼ਾਨ ਹੋਣਗੇ, ਮੇਰੇ ਨਾਮ ਵਿੱਚ ........... ਉਹ ਰੋਗੀਆਂ ਨੂੰ ਚੰਗਾ ਕਰਨਗੇ" (ਮਿਤੀ 16:17-18) ਰੋਗੀਆਂ ਲਈ ਦੁਆ ਕਰਦਿਆ ਇਸ ਪ੍ਰਮੇਸ਼ਰ ਦੇ ਜਨ ਸਾਡੇ ਪ੍ਰਭੂ ਦੇ ਯਹੂੰਨਾ 14:12 ਵਿੱਚ ਬੋਲੇ ਸ਼ਬਦਾਂ ਦਾ ਹਵਾਲਾ ਦਿੱਤਾ, "ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੋ ਮੇਰੇ ਉਤੇ ਨਿਹਚਾ ਕਰਦਾ ਹੈ ਸੋ ਇਹ ਕੰਮ ਜਿਹੜੇ ਮੈਂ ਕਰਦਾ ਹਾਂ ਉਹ ਵੀ ਕਰੇਗਾ, ਸਗੋਂ ਇਹਨਾਂ ਨਾਲੋਂ ਵੱਡੇ ਕੰਮ ਕਰੇਗਾ.......।"

ਅੱਜ ਅਸੀਂ ਲੜਾਈਆਂ, ਐਟਮੀ ਧਮਕੀਆਂ, ਮੱਧ ਪੂਰਬ ਦਾ ਝਗੜਾ, ਵਿਸ਼ਵੀ ਤਾਪਮਾਨ (Global Warming) ਜਲਵਾਯੂ ਪ੍ਰਵਰਤਨ ਅਤੇ ਸਾਰੇ ਸੰਸਾਰ ਵਿੱਚ ਕੁਦਰਤੀ ਕ੍ਰੋਪੀਆਂ ਬਾਰੇ ਸੁਣਦੇ ਹਾਂ। ਹਰ ਇੱਕ ਚੀਜ ਕੰਟਰੋਲ ਤੋਂ ਬਾਹਰ ਹੋ ਰਹੀ ਹੈ, ਇਸ ਵੇਲੇ ਸਾਨੂੰ ਯਸਾਯਾਹ ਨਬੀ ਦੇ ਵਚਨਾ ਨੂੰ ਚੇਤੇ ਰੱਖਣਾ ਹੈ ਜਿਸ ਨੇ ਭਵਿਖ ਬਾਣੀ ਕੀਤੀ ਕਿ, "ਧਰਤੀ ਉੱਕਾ ਹੀ ਹਿਲਾਈ ਗਈ, ਧਰਤੀ ਸਰਾਬੀ ਵਾਂਗੂ ਡਗਮਗਾਉਂਦੀ ਹੈ, ਉਹ ਛੱਪਰ ਵਾਂਗੂ ਹੁਲਾਰੇ ਖਾਂਦੀ ਹੈ, ਉਹ ਦੇ ਅਪਰਾਧ ਦਾ ਭਾਰ ਉਹਦੇ ਉਤੇ ਹੈ, ਉਹ ਡਿੱਗ ਪਈ ਅਤੇ ਫੇਰ ਕਦੇ ਨਾ ਉਠੇਗੀ।" (ਯਸ਼ਾਇਆ 24:19b-20) ਅਸੀਂ ਅੰਤ ਸਮੇਂ ਦੇ ਨਿਸ਼ਾਨਾਂ ਨੂੰ ਵੇਖ ਰਹੇ ਹਾਂ। ਇਹ ਅੰਤ ਦਾ ਸਮਾਂ ਹੈ ਉਸਦੀ ਆਮਦ ਨੇੜੇ ਹੈ। ਪਰ

ਕੋਈ ਉਸ ਦਿਨ ਜਾਂ ਘੜੀ ਨੂੰ ਨਹੀਂ ਜਾਣਦਾ।

ਪ੍ਰਮੇਸ਼ਰ ਦੀ (ਯਿਸ਼ੂ ਦੀ) ਵਾਅਦੇ ਦੀ ਵਾਪਸੀ ਦਾ ਜ਼ਿਕਰ ਸਾਨੂੰ ਬਾਈਬਲ ਦੇ ਬਹੁਤ ਸਾਰਿਆਂ ਪ੍ਰਸੰਗਾਂ (ਪਹਿਰਿਆਂ) ਵਿੱਚ ਮਿਲਦਾ ਹੈ। ਮੁਕਤੀ ਦਾਤਾ ਨੇ ਖੁਦ ਯਹੂੰਨਾ 14: 3 ਵਿੱਚ ਵੱਡਾ ਵਾਦਾ ਦਿੱਤਾ ਹੈ, "ਅਰ ਜੇ ਮੈਂ ਜਾ ਕੇ ਤੁਹਾਡੇ ਲਈ ਜਗਾ ਤਿਆਰ ਕਰਾਂ ਤਾਂ ਫੇਰ ਆਣ ਕੇ ਤੁਹਾਨੂੰ ਆਪਣੇ ਕੋਲ ਲੈ ਲਵਾਂਗਾ ਭਈ ਜਿਥੇ ਮੈਂ ਹਾਂ ਤੁਸੀਂ ਵੀ ਹੋਵੋ।" ਪ੍ਰਮੇਸ਼ਰ ਦੇ ਸਾਰੇ ਪੁੱਤਰ ਅਤੇ ਧੀਆਂ ਪ੍ਰਮੇਸ਼ਰ ਦੇ ਵਾਅਦਿਆਂ ਉਤੇ ਵਿਸ਼ਵਾਸ਼ ਕਰਨਗੇ। "ਤਿਵੇਂ ਮਸੀਹ ਭੀ ਬਾਹਲਿਆਂ ਦੇ ਪਾਪਾਂ ਨੂੰ ਚੁਕਣ ਲਈ ਇਕੋ ਵਾਰ ਚੜ੍ਹਾਇਆ ਗਿਆ ਅਤੇ ਉਹਨਾਂ ਉੱਤੇ ਜਿਹੜੇ ਉਹਨੂੰ ਉਡੀਕਦੇ ਹਨ ਪਾਪ ਦੇ ਕੰਮ ਤੋਂ ਅੱਡ ਹੋ ਕੇ ਮੁਕਤੀ ਲਈ ਦੂਈ ਵਾਰ ਪ੍ਰਗਟ ਹੋਏਗਾ" (ਇਬਰਾਨੀ 9:28)

**ਇੱਕ ਅਵਾਜ਼ ਉੱਚੀ ਪੁਕਾਰ ਰਹੀ ਹੈ:-** ਹੇ ਲੋਕੋ, ਤੁਹਾਡੇ ਵਿਚੋਂ ਹਰ ਕੋਈ ਸੁਣ ਲਵੇ: ਮਸੀਹ ਦੀ ਪਹਿਲੀ ਆਮਦ ਦੇ ਸਮੇਂ ਪੁਰਾਣੇ ਨੇਮ ਦੀਆਂ 100 ਤੋਂ ਵਧ ਭਵਿਖਬਾਣੀਆਂ ਪੂਰੀਆਂ ਹੋ ਗਈਆਂ ਸਨ। ਵੱਡੇ ਚਮਤਕਾਰ ਹੋਏ। ਯਿਸ਼ੂ ਮਸੀਹ ਨੇ ਪ੍ਰਚਾਰ ਕੀਤਾ, ਸਿਖਿਆ ਦਿੱਤੀ, ਉਨਾਂ ਸਾਰੇ ਰੋਗੀਆਂ ਨੂੰ ਜਿਹੜੇ ਉਹਦੇ ਕੋਲ ਆਏ ਚੰਗੇ ਕੀਤਾ "....ਬਹੁਤ ਸਾਰੇ ਲੋਕ ਉਹਦੇ ਮਗਰ ਲੱਗ ਤੁਰੇ ਅਤੇ ਉਸਨੇ ਉਹਨਾਂ ਸਭਨਾ ਨੂੰ ਚੰਗਾ ਕੀਤਾ...।" (ਮੱਤੀ 12 + 15b) ਸਾਡੀ ਤਿਆਰੀ ਦੇ ਸੱਚੇ ਅਨੁਭਵ ਲਈ ਜਰੂਰ ਹੈ ਕਿ ਅਸੀਂ ਆਪਣੇ ਸਮੇਂ ਦੇ ਵਾਅਦੇ ਦੀ ਕਦਰ ਕਰੀਏ ਅਤੇ ਵਿਸ਼ਵਾਸ਼ ਕਰੀਏ : '.... ਵੇਖੋ ਮੈਂ ਏਲੀਆ ਨਬੀ ਨੂੰ ਤੁਹਾਡੇ ਅੱਗੇ ਘਲਾਂਗਾ ਏਸ ਤੋਂ ਪਹਿਲਾਂ ਕਿ ਯਹੋਵਾਹ ਦਾ ਵੱਡਾ ਅਤੇ ਭੈਦਾਇਕ ਦਿਨ ਆਵੇ...।" (ਮਲਾਕੀ 4:5) ਸਾਡੇ ਪ੍ਰਭੂ ਨੇ ਇਸ ਵਾਦੇ ਨੂੰ ਮੱਤੀ 17:11 ਅਤੇ ਮਰਕਸ 9:12 ਵਿੱਚ ਦੁਹਰਾਇਆ ਅਤੇ ਪੱਕਾ ਕੀਤਾ ਹੈ। ਜੋ ਠੀਕ ਏਲੀਆ ਆਉਂਦਾ ਹੈ ਅਤੇ ਸੱਭੋ ਕੁਝ ਬਹਾਲ ਕਰੇਗਾ" ਇਹ ਸਭ ਤੋਂ ਮਹੱਤਵਪੂਰਣ ਵਾਅਦਾ ਹੈ ਜਿਹੜਾ ਮਸੀਹ ਦੀ ਵਾਪਸੀ ਤੋਂ ਪਹਿਲਾਂ ਪੂਰਾ ਹੋਣਾ ਹੈ। ਠੀਕ ਜਿਸ ਤਰਾਂ ਏਲੀਆ ਨੇ ਲੋਕਾਂ ਨੂੰ ਕਰਮਲ ਪਹਾੜ ਉਤੇ ਸੱਦਿਆ ਕਿ ਫੈਸਲਾ ਕਰ ਲੈਣ, ਹੁਣ ਉਨਾਂ ਸਾਰਿਆਂ ਨੂੰ ਜੋ ਪ੍ਰਮੇਸ਼ਵਰ ਦੀ ਕਲੀਸੀਆ ਨਾਲ ਸੰਬੰਧ ਰੱਖਦੇ ਹਨ ਆਪਣਾ ਫੈਸਲਾ ਕਰ ਲੈਣ ਲਈ ਆਖਿਆ ਜਾ ਰਿਹਾ ਹੈ।

ਮਸੀਹ ਦੀ ਦੂਸਰੀ ਆਮਦ ਤੋਂ ਪਹਿਲਾਂ ਪ੍ਰਭੂ ਦੀ ਕਲੀਸੀਆ ਵਿੱਚ ਹਰ ਗੱਲ ਦਾ ਮੁਢਲੀ ਹਾਲਤ ਵਿੱਚ ਬਹਾਲ ਕੀਤਾ ਜਾਣਾ, ਜਿਵੇਂ ਆਰੰਭ ਵਿੱਚ ਸੀ, ਬਹੁਤ ਜਰੂਰੀ।

ਹੈ। (ਕਰਤੱਵ 3:18-21) ਭਾਵੇਂ ਕਿਸੇ ਦਾ ਨਿੱਜੀ ਜੀਵਨ ਹੋਵੇ, ਵਿਆਹਕ ਜੀਵਨ ਹੋਵੇ, ਪ੍ਰਾਵਰਕ ਜਾਂ ਕਲੀਸੀਆ ਦਾ ਆਤਮਕ ਜੀਵਨ ਹੋਵੇ ਹਰ ਇੱਕ ਚੀਜ ਨੇ ਬਾਈਬਲ ਦੇ ਦੈਵੀ (Divine) ਵਿਧਾਨ ਵਿੱਚ ਹੋਣਾ ਹੈ। ਇਸ ਤਰਾਂ ਹੋਣ ਲਈ ਹਰ ਵਿਸ਼ਵਾਸ਼ੀ ਨੂੰ ਆਪਣੇ ਅੰਦਰੂਨੀ ਵਿਰੋਧ ਨੂੰ ਛੱਡ ਕੇ ਪ੍ਰਮੇਸ਼ਵਰ ਵਾਲੇ ਪਾਸੇ ਖੜਨਾ ਜਰੂਰੀ ਹੈ। (1 ਰਾਜਾ 18:21-40) ਸਭੇ ਵਿਸ਼ਵਾਸ਼ੀ ਜਿਹੜੇ ਜਿੰਦਾ ਪ੍ਰਭੂ ਦੀ ਕਲੀਸੀਆ ਹਨ, ਦਾ ਪੂਰੀ ਸੰਪੂਰਣਤਾਈ ਨਾਲ ਪ੍ਰਭੂ ਵੱਲ, ਵਚਨ ਅਤੇ ਪ੍ਰਮੇਸ਼ਵਰ ਦੀ ਇੱਛਾ ਵਲ, ਮੁਢਲੀ ਕਲੀਸੀਆ ਦੀ ਸਿੱਖਿਆ ਅਤੇ ਅਮਲ ਵੱਲ ਮੁੜ ਆਉਣਾ ਜਰੂਰੀ ਹੈ।

ਉਹ ਜਿਹੜੇ ਪ੍ਰਮੇਸ਼ਰ ਦੇ ਹਨ ਹਮੇਸ਼ਾ ਪ੍ਰਮੇਸ਼ਵਰ ਦੇ ਵਚਨ ਦਾ ਵਿਸ਼ਵਾਸ਼ ਕਰਦੇ ਹਨ। ਗੁਜਰੇ 500 ਸਾਲਾਂ ਵਿਚ ਇਥੇ ਅਜਿਹੇ ਲੋਕ ਵੀ ਹੋਏ ਹਨ ਜਿੰਨਾ ਨੇ ਆਪਣੇ ਸਮੇਂ ਵਿਚ ਪ੍ਰਚਾਰੇ ਗਏ ਸੰਦੇਸ਼ ਉਤੇ ਵਿਸ਼ਵਾਸ਼ ਕੀਤਾ। ਪੈਂਤੀਕਾਸਟਲ ਬੇਦਾਰੀ ਵਿੱਚ ਇਸ ਤਰ੍ਹਾਂ ਹੋਇਆ । ਅੱਜ ਵੀ ਉਹ ਜੋ ਪ੍ਰਮੇਸ਼ਵਰ ਦੇ ਹਨ ਬਾਈਬਲ ਦੇ ਸੱਚੇ ਸੰਦੇਸ਼ ਉਤੇ ਵਿਸ਼ਵਾਸ਼ ਕਰਦੇ ਹਨ ।

ਹੁਣ ਸਮੁੱਚੀ ਮਸੀਹਤ ਵਿੱਚ ਕੁਝ ਹੋਰ ਸੁਧਾਰ ਦੀ ਗੱਲ ਨਹੀਂ ਹੈ ਨਾ ਹੀ ਪੈਂਤੀਕਾਸਟਲ ਲਹਿਰ ਵਿੱਚ ਕੁਝ ਦਰੁਸਤ ਕੀਤੇ ਜਾਣ ਦੀ ਗੱਲ ਹੈ । ਹੁਣ ਸਾਰੇ ਬਾਈਬਲ ਦੇ ਮੰਨਣ ਵਾਲਿਆਂ ਲਈ ਮਹੱਤਵਪੂਰਨ ਗੱਲ ਇਹ ਹੈ ਕਿ ਉਹ ਸਮੁੱਚੀ ਬਹਾਲੀ ਦਾ ਅਨੁਭਵ ਕਰਨ ਅਤੇ ਅਸਲੀ ਬੁਨਿਆਦ ਉਤੇ ਨਵੇਂ ਸਿਰਿਉਂ ਰੱਟ ਜਾਣ । ਮੁਕਤੀ ਪਾਏ ਹੋ ਜਿਹੜੇ ਪ੍ਰਮੇਸ਼ਰ ਦੇ ਵਚਨ ਦੇ ਸੱਚੇ ਵਿਸ਼ਵਾਸ਼ੀ ਹਨ ਬਾਬਲ ਕੀ ਗੜਬੜੀ ਵਿੱਚ ਨਹੀਂ ਰਹਿੰਦੇ ਪਰ ਸਚਾਈ ਦੇ ਵਚਨ ਤੋਂ ਪਵਿੱਤਰ ਕੀਤੇ ਗਏ ਹਨ । "ਉਹਨਾਂ ਨੂੰ ਸਚਿਆਈ ਨਾਲ ਪਵਿੱਤਰ ਕਰ ਤੇਰਾ ਬਚਨ ਸਚਿਆਈ ਹੈ" (ਯਹੁੰਨਾ 17:1)

ਅਸੀਂ ਮੁਕਤੀ ਦੀ ਯੋਜਨਾ ਦੇ ਬੜੇ ਮਹੱਤਵਪੂਰਨ ਸਮੇਂ ਅੰਦਰ ਪਹੁੰਚ ਚੁੱਕੇ ਹਾਂ । ਮਸੀਹ ਦੇ ਵਾਅਦੇ ਵਾਲੀ ਵਾਪਸੀ ਬਿਲਕੁਲ ਨੇੜੇ ਹੈ । ਇਸ ਲਈ ਸਾਨੂੰ ਸਾਡੇ ਪ੍ਰਭੂ ਦੀਆਂ ਕਹੀਆਂ ਗੱਲਾਂ ਪ੍ਰਤੀ ਬੜੇ ਗੰਭੀਰ ਹੋ ਜਾਣ ਦੀ ਜਰੂਰਤ ਹੈ । "..... ਮੈਂ ਤੈਨੂੰ ਸੱਚ-ਸੱਚ ਆਖਦਾ ਹਾਂ ਕਿ ਕੋਈ ਮਨੁੱਖ ਜੇਕਰ ਨਵੇਂ ਸਿਰਿਉਂ ਨਾ ਜੰਮੇ ਪਰਮੇਸ਼ਰਦੇ ਰਾਜ ਨੂੰ ਵੇਖ ਨਹੀ ਸਕਦਾ" (ਯਹੁੰਨਾ 3:3) ਇਹ ਗੱਲ ਹਰ ਇਕ ਉਤੇ ਸਾਫ ਹੋ ਜਾਣੀ

ਚਾਹੀਦੀ ਹੈ ਕਿ ਉਠਾਇਆ ਜਾਣਾ ਕੇਵਲ ਉਨਾਂ ਦਾ ਹੀ ਹੋਵੇਗਾ, ਜਿਨ੍ਹਾਂ ਨੇ ਨੇਮ ਦੇ ਲਹੂ ਦੁਆਰਾ ਮੁਕਤੀ ਦਾ ਨਿੱਜੀ ਤਜੱਰਬਾ ਪ੍ਰਾਪਤ ਕੀਤਾ ਹੋਇਆ ਹੈ ਅਤੇ ਜਿੰਨ੍ਹਾਂ ਨੇ ਨਵੇਂ ਜਨਮ ਦੁਆਰਾ ਨਵਾਂ ਇਲਾਹੀ ਜੀਵਨ (Divine Life) ਪਾਇਆ ਹੋਈਆ ਹੈ। ਪ੍ਰੇਰਿਤ ਪਤਰਸ ਨੇ ਨਵੇਂ ਜਨਮ ਤੋਂ ਮੁਕਤੀ ਦੇ ਅਨੁਭਵ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ, "ਕਿਉਂ ਜੋ ਤੁਸੀ ਨਾਸ਼ਵਾਨ ਤੁੱਖਮ ਤੋਂ ਨਹੀਂ ਸਗੋਂ ਅਵਿਨਾਸ਼ੀ ਤੋਂ ਪ੍ਰਮੇਸ਼ਵਰ ਦੇ ਬਚਨ ਦੇ ਰਾਹੀਂ ਜਿਹੜਾ ਜਿਉਂਦਾ ਅਤੇ ਇਸਥਿਰ ਹੈ ਨਵੇਂ ਸਿਰਿਉਂ ਜਨਮੇ ਹੋ।" (1 ਪਤਰਸ 1:23 ਝੁਕਾ 8:11)

ਮਸੀਹ ਦੀ ਵਾਪਸੀ ਰਸੂਲਾਂ ਦੇ ਸਮੇਂ ਵਿੱਚ ਮੁੱਖ ਵਿਸ਼ਾ ਸੀ। ਬਾਈਬਲ ਵਿੱਚ ਇਸ ਵਿਸ਼ੇ ਉਤੇ ਬਹੁਤ ਲਿਖਤਾਂ ਹਨ 1 ਥਸਲਨੁਕੀਆ 4:13-18 ਵਿੱਚ ਪੋਲੂਸ ਨੇ ਵਿਸਥਾਰ ਸਹਿਤ ਦੱਸਿਆ ਕਿ ਕੀ ਹੋਵੇਗਾ ਅਤੇ ਕਿਵੇਂ ਹੋਵੇਗਾ। 5ਵੇਂ ਬਾਬ ਦਾ ਆਖਰ ਤੇ ਉਸ ਲਿਖਿਆ, "ਅਤੇ ਸ਼ਾਂਤੀ ਦਾਤਾ ਪ੍ਰਮੇਸ਼ਵਰ ਆਪੇ ਤੁਹਾਨੂੰ ਪੂਰੀ ਤਰ੍ਹਾਂ ਪਵਿੱਤਰ ਕਰੇ ਅਰ ਤੁਹਾਡਾ ਆਤਮਾ ਅਤੇ ਜੀਵ ਅਤੇ ਸ਼ਰੀਰ ਸਾਡੇ ਪ੍ਰਭੂ ਯਿਸ਼ੂ ਮਸੀਹ ਦੇ ਆਉਣ ਦੇ ਵੇਲੇ ਦੋਸ਼ ਰਹਿਤ ਸੰਪੂਰਣ ਬਚਿੱਆ ਰਹੇ।

ਸਾਡੇ ਪ੍ਰਭੂ ਅਤੇ ਮੁਕਤੀ ਦਾਤਾ ਨੇ ਆਪਣਾ ਹਵਾਲਾ ਦੂਲਹੇ ਦੇ ਤੋਰ ਤੇ ਦਿੱਤਾ ਹੈ ਅਤੇ ਕਈ ਵਾਰ ਵਿਆਹ ਦੇ ਭੋਜ ਦੇ ਵਿਖੇ ਬੋਲਿਆ ਹੈ। ਉਹ ਜਿਹੜੇ ਲਾੜੀ ਕਲੀਸਿਆ ਦੇ ਹਨ ਇਸ ਸਮੇਂ ਦੇ ਵਾਇਦਾ ਕੀਤੇ ਵਚਨ ਨੂੰ ਸਵੀਕਾਰ ਕਰਦੇ ਹਨ, ਧੂੰਮ ਨੂੰ ਸੁਣਦੇ ਹਨ। "ਔਹ ਲਾੜਾ ਆਇਆ" (ਮੱਤੀ 25) ਅਤੇ ਉਸ ਸ਼ਾਨਦਾਰ ਦਿਨ ਲਈ ਤਿਆਰ ਹੋ ਸਕਣਗੇ। ਇਹ ਮੱਤੀ 25:10 ਦਾ ਅਗੰਮ ਵਾਕ ਹੈ "..... ਜਿਹੜੀਆਂ ਤਿਆਰ ਸਨ ਉਹ ਉਹਦੇ ਨਾਲ ਵਿਆਹ ਵਿੱਚ ਜਾ ਵੜੀਆ ਅਤੇ ਬੂਹਾ ਮਾਰਿਆ ਗਿਆ।" ਪ੍ਰ-ਪੋਥੀ 19:7 ਵਿੱਚ ਅਸੀ ਪੜਦੇ ਹਾਂ "ਆਉ ਅਸੀ ਅਨੰਦ ਕਰੀਏ ਅਤੇ ਨਿਹਾਲ ਹੋਈਏ ਅਤੇ ਉਹਦੀ ਵਡਿਆਈ ਕਰੀਏ ਲੇਲੇ ਦਾ ਵਿਆਹ ਜੋ ਆ ਗਿਆ ਹੈ ਅਤੇ ਉਹਦੀ ਲਾੜੀ ਨੇ ਆਪਣੇ ਆਪ ਨੂੰ ਤਿਆਰ ਕਰ ਲਿਆ ਹੈ।"

ਪ੍ਰਭੂ ਨੇ ਛੁਡਾਏ ਹੋਇਆ ਲਈ ਇਕ ਸਥਾਨ ਤਿਆਰ ਕੀਤਾ ਹੋਇਆ ਹੈ, "ਪਰ ਕੋਈ ਅਪਵਿੱਤਰ ਵਸਤ ਜਾਂ ਕੋਈ ਘਿਣਾਉਣਾ ਅਤੇ ਝੂੱਠਾ ਕੰਮ ਕਰਨ ਵਾਲਾ ਉਸ ਵਿੱਚ ਕਦੇ ਨਾ ਵੜੇਗਾ ਪਰ ਨਿਰੇ ਉਹ ਜਿਹੜੇ ਲੇਲੇ ਦੀ ਜੀਵਨ ਦੀ ਪੋਥੀ ਵਿੱਚ ਲਿਖੇ ਹੋਏ ਹਨ।" (ਪ੍ਰ-ਪੋਥੀ 21:27)

ਇੱਕ ਅਵਾਜ਼ ਉਚੀ ਪੁਕਾਰਦੀ ਹੈ:- ਹੇ ਲੋਕੋ !ਤੁਹਾਡੇ ਵਿੱਚ ਹਰ ਇੱਕ ਸੁਣ ਲਵੇ:- ਸੰਦੇਸ਼ ਮਸੀਹ ਦੀ ਆਮਦ ਤੋਂ ਪਹਿਲਾਂ ਆਖਰੀ ਮੌਕੇ ਦੇ ਤੋਰ ਤੇ ਪ੍ਰਚਾਰਿਆ ਜਾ ਰਿਹਾ ਹੈ। "ਅਤੇ ਪ੍ਰਮੇਸ਼ਰ ਦੀ ਹੈਕਲ ਨੂੰ ਮੂਰਤੀਆਂ ਨਾਲ ਕੀ ਵਾਸਤਾ ਹੈ? ਅਸੀ ਆਪ ਤਾਂ ਅਕਾਲ ਪੁਰਖ ਦੀ ਹੈਕਲ ਹਾਂ ਜਿਵੇਂ ਪ੍ਰਮੇਸ਼ਰ ਨੇ ਬਚਨ ਕੀਤਾ - ਮੈਂ ਉਹਨਾਂ ਵਿੱਚ ਵਾਸ ਕਰਾਂਗਾ ਅਤੇ ਫਿਰਿਆ ਕਰਾਂਗਾ। ਮੈਂ ਉਹਨਾਂ ਦਾ ਪ੍ਰਮੇਸ਼ਵਰ ਹੋਵਾਂਗਾ ਅਤੇ ਉਹ ਮੇਰੀ ਪ੍ਰਜਾ ਹੋਣਗੇ ਇਸ ਲਈ ਉਨਾਂ ਵਿੱਚੋਂ ਨਿਕਲ ਆਓ ਅਤੇ ਅੱਡ ਹੋਵੇ ਪ੍ਰਭੂ ਆਖਦਾ ਹੈ ਅਤੇ ਕਿਸੇ ਭ੍ਰਿਸ਼ਟ ਵਸਤੂ ਨੂੰ ਹੱਥ ਨਾ ਲਾਓ ਮੈਂ ਤੁਹਾਨੂੰ ਕਬੂਲ ਕਰ ਲਵਾਂਗਾ ਅਰ ਤੁਹਾਡਾ ਪਿਤਾ ਹੋਵਾਂਗਾ ਅਤੇ ਤੁਸੀ ਮੇਰੇ ਪੁੱਤਰ ਧੀਆਂ ਹੋਣਗੇ । ਇਹ ਬਚਨ ਸਰਬਸ਼ਕਤੀਮਾਨ ਪ੍ਰਭੂ ਦਾ ਹੈ" (2 ਕੁਰੰਥੀ 6:6-18)

ਹੁਣ ਇਹ ਸਾਰੀਆਂ ਗਫਲਤਾਂ ਵਿੱਚੋ ਬਾਹਰ ਆ ਜਾਣ ਲਈ ਹੌਕਾ ਹੈ, ਸਾਰੀਆਂ ਬਾਈਬਲ ਤੋਂ ਬਾਹਰੀ ਰਸਮਾਂ-ਰਿਵਾਜਾ ਵਿੱਚੋਂ ਨਿਕਲ ਆਉਣ ਦਾ ਸੱਦਾ ਹੈ । ਹੁਣ ਇਹ ਤਿਆਰੀ ਦਾ ਸਮਾਂ ਹੈ, ਜੋ ਲਿਖਤਾਂ ਆਖਦੀਆਂ ਹਨ ਕੇਵਲ ਉਸੇ ਤੇ ਵਿਸ਼ਵਾਸ਼ ਕਰਨ ਦਾ ਸਮਾਂ ਹੈ । ਜਰੂਰ ਹੈ ਕਿ ਸਾਰੇ ਬਾਈਬਲ ਦੇ ਮੰਨਣ ਵਾਲੇ ਪ੍ਰਭੂ ਯਿਸ਼ੂ ਮਸੀਹ ਦੇ ਨਾਂ ਵਿੱਚ ਡੁੱਬਕੀ ਦਾ ਬਪਤਿਸਮਾ ਲੈਣ ਜਿਵੇ ਕਿ ਆਰੰਭ ਵਿੱਚ ਸੀ । ਹੁਣ ਗੁਜਰੇ ਸਮੇਂ ਦੇ ਫੱਕੀ ਫਰੀਸੀਆਂ ਦੀ ਤਰ੍ਹਾਂ ਕਿਸੇ ਵੀ ਵਿਸ਼ਵਾਸ਼ੀ ਨੂੰ ਮੁਕਤੀ ਦੀ ਯੋਜਨਾਂ ਨੂੰ ਰੱਦ ਨਹੀਂ ਕਰਨਾ ਚਾਹੀਦਾ ।(ਲੁਕਾ 7:30)

ਯਹੁੰਨਾ ਬਪਤਿਸਮਾਂ ਦੇਣ ਵਾਲੇ ਦੀ ਸੇਵਕਾਈ ਵਿਖੇ ਸਾਡੇ ਪ੍ਰਭੂ ਨੇ ਭੀੜ ਨੂੰ ਪੁਛਿੱਆ, "ਤੁਸੀ ਉਜਾੜ ਵਿੱਚ ਕੀ ਵੇਖਣ ਗਏ ਸਾਉ? ਇੱਕ ਹਵਾ ਨਾਲ ਹਿਲਦੇ ਕਾਨੇ ਨੂੰ? ਉਸਨੇ ਇੱਕ ਵਾਰ ਫਿਰ ਪੁੱਛਿਆ, "ਤੁਸੀ ਕੀ ਵੇਖਣ ਨੂੰ ਬਾਹਰ ਗਏ? ਮਹੀਨ ਕੱਪੜੇ ਪਹਿਨੇ ਇੱਕ ਮਨੁੱਖ ਨੂੰ? ..... ਇੱਕ ਨੱਬੀ ਨੂੰ?" ਯਿਸ਼ੂ ਨੇ ਉੱਤਰ ਦਿੱਤਾ, " ..... ਮੈਂ ਤੁਹਾਨੂੰ ਆਖਦਾ ਹਾਂ ਸਗੋਂ ਨਬੀ ਨਾਲੋਂ ਵੀ ਵੱਡਾ ਇਹ ਉਹੋ ਹੈ ਜਿਹਦੇ ਹੱਕ ਵਿੱਚ ਲਿਖਿਆ ਹੋਇਆ ਹੈ ਕਿ ਵੇਖ ਮੈਂ ਆਪਣੇ ਦੂਤ ਨੂੰ ਤੇਰੇ ਅੱਗੇ ਘੱਲਦਾ ਹਾਂ, ਜਿਹੜਾ ਤੇਰੇ ਅੱਗੇ ਤੇਰਾ ਰਾਹ ਤਿਆਰ ਕਰੇਗਾ" (ਮੱਤੀ 11:7-10) ਸਾਰੇ ਨਬੀਆਂ ਨੇ ਯਹੁੰਨਾ ਤੱਕ ਭਵਿਖਬਾਣੀ ਕੀਤੀ, ਉਦੋਂ ਤੋਂ ਪ੍ਰਮੇਸ਼ਵਰ ਦੇ ਰਾਜ ਦੀ ਮਨਾਦੀ ਕੀਤੀ ਗਈ ਸੀ ।

ਅਸੀ ਕੀ ਵੇਖਣ ਲਈ ਬਾਹਰ ਆਏ? ਕੀ ਕਿਸੇ ਖੁਸ਼ਹਾਲੀ ਦੇ ਪ੍ਰਚਾਰਕ ਨੂੰ ਸੁਨਣ

ਲਈ, ਕਿਸੇ ਖਿਚ ਪਾਉ ਟੈਲੀਵਿਜ਼ਨ ਐਕਟਰ ਨੂੰ ਨਹੀਂ । ਅਸੀ ਇਹ ਪਹਿਚਾਣ ਲਿਆ ਕਿ, ਦੋ ਹਜ਼ਾਰ ਸਾਲਾਂ ਬਾਅਦ ਰੱਬੀ ਮਨੁੱਖ (God sent) ਵਿਲੀਅਮ ਬ੍ਰਨਹਾਮ ਦੇ ਵਸੀਲੇ ਇੱਕ ਵਾਰ ਫਿਰ ਪ੍ਰਮੇਸ਼ਰ ਦੀ ਸਾਰੀ ਮੱਤ ਦਾ ਪ੍ਰਚਾਰ ਕੀਤਾ ਗਿਆ । (ਕਰੱਤਵ 20:27) ਅਸੀ ਪ੍ਰਮੇਸ਼ਵਰ ਤੋਂ ਹੁਕਮ ਪਾਏ ਹੋਏ ਵਸੀਲੇ ਤੋਂ ਸੱਚਾ ਸੰਦੇਸ਼ ਸੁਨਣ ਨੂੰ ਨਿਕਲੇ ਹਾਂ । ਉਸ ਮਨੁੱਖ ਨੂੰ ਸੁਨਣ ਲਈ ਜਿਸ ਨੇ 28 ਫਰਵਰੀ 1963 ਨੂੰ ਟਕਸਨ ਐਰੀਜੋਨਾ ਯੂ. ਐਸ. ਏ. ਤੋਂ 40 ਮੀਲ ਦੂਰ ਸੰਨਸੈਟ ਪਹਾੜਾਂ ਵਿੱਚ, ਅਲੋਕਿਕ ਰੋਸ਼ਨੀ ਦੇ ਬਦੱਲ ਤੋਂ ਸਿੱਧਾ ਹੁਕਮ ਪ੍ਰਾਪਤ ਕੀਤਾ ਕਿ ਆਪਣੀ ਘਰੇਲੂ ਕਲੀਸੀਆ ਜੈਫਰਸਨ ਵਿਲੇ ਵਿੱਚ ਪ੍ਰਕਾਸ਼ ਪੋਥੀ ਵਿਚਲੀਆਂ ਸੱਤ ਮੋਹਰਾਂ ਦਾ ਪ੍ਰਚਾਰ ਕਰੇ । ਉਸ ਨੇ ਇਹ 17 ਤੋਂ 24 ਮਾਰਚ 1963 ਤੱਕ ਇਹਨਾਂ ਦਾ ਪ੍ਰਚਾਰ ਕੀਤਾ । ਅਪ੍ਰੈਲ 17, 1963 ਨੂੰ ਸਾਇੰਸ ਮੈਗਜ਼ੀਨ ਅਤੇ ਮਈ 17, 1963 ਨੂੰ ਲਾਈਫ ਮੈਗਜ਼ੀਨ ਨੇ ਆਪਣੇ ਅੰਕਾਂ ਵਿੱਚ ਇਸ ਅਲੋਕਿਕ ਬੱਦਲ ਦੀ ਤਸਵੀਰ ਨੂੰ ਛਾਪਿਆ ਨਾ ਕੇਵਲ ਸੱਤ ਮੋਹਰਾਂ ਹੀ ਪਰ ਸਾਰੇ ਗੁਪਤ ਭੇਦ, ਪ੍ਰਮੇਸ਼ਵਰ ਤਾਈ, ਬੱਪਤਿਸਮਾ, ਪ੍ਰਭੂ ਭੋਜ ਆਦਿ ਉਤੇ ਹਰ ਸਿੱਖਿਆ ਅਤੇ ਹਰ ਗੱਲ ਜਿਸ ਤਰ੍ਹਾਂ ਬਾਈਬਲ ਸਿਖਾਉਂਦੀ ਹੈ, ਉਸ ਦੀ ਅਸਲੀ ਸੱਚਾਈ ਸਾਡੇ ਲਈ ਬਿਆਨ ਕੀਤੀ । ਭਾਵੇਂ ਨਬੀ ਨੂੰ ਦਸੰਬਰ 1965 ਵਿੱਚ ਵਾਪਸ ਲੈ ਲਿਆ ਗਿਆ ਪਰ ਸੰਦੇਸ਼ ਸਾਡੇ ਕੋਲ ਰਿਹਾ, ਅਤੇ ਸਾਰੇ ਸੰਸਾਰ ਵਿੱਚ ਪਹੁੰਚਾਇਆ ਜਾ ਰਿਹਾ ਹੈ ।

ਯਮੇਸ਼ਰ ਦੀ ਕਲੀਸੀਆ ਇਕ ਵਾਰ ਫਿਰ ਸਚਾਈ ਦਾ ਥੰਮ ਅਤੇ ਨੀਂਹ ਹੈ, ਨਾ ਕਿ ਝੂੱਠਾਂ ਦੀ ਇੱਕ ਧਾਰਮਿਕ ਇਮਾਰਤ । ਯਿਸ਼ੂ ਮਸੀਹ ਦੀ ਕਲੀਸੀਆ ਵਿੱਚ ਕੋਈ ਝੂੱਠਾ ਅਨੁਵਾਦ ਕੋਈ ਝੂੱਠੀ ਤਲੀਮ ਨਹੀਂ ਹੈ । ਆਖਰੀ ਸੰਦੇਸ਼ ਦੇ ਦੁਆਰਾ ਜਿਹੜੇ ਮੁੱਢਲੇ ਸੰਦੇਸ਼ ਦੇ ਨਾਲ ਸੋ ਫੀਸਦੀ ਮਿਲਦਾ ਅਤੇ ਸਹਿਮਤ ਹੈ, ਕਲੀਸੀਆ ਅਸਲੀ/ਸੱਚੀ ਨੀਂਹ ਦੇ ਉਤੇ ਉਸਰ ਰਹੀ ਹੈ । ਬਾਈਬਲ ਦੇ ਸੱਚੇ ਵਿਸਵਾਸ਼ੀਆ ਦੀ ਤਸਦੀਕ ਵਾਸਤੇ ਪ੍ਰਮੇਸ਼ਰ ਦੀ ਮੋਹਰ ਦਾ ਵਾਅਦਾ ਕੀਤਾ ਗਿਆ ਹੈ "ਉਸ ਵਿੱਚ ਜਿਸ ਵੇਲੇ ਤੁਸਾਂ ਸਚਿਆਈ ਦਾ ਬਚਨ ਸੁਣਿਆ ਅਤੇ ਆਪਣੀ ਮੁਕਤੀ ਦੀ ਖੁਸ਼ਖਬਰੀ ਸੁਣੀ ਅਤੇ ਉਸ ਵਿੱਚ ਨਿਹਚਾ ਵੀ ਕੀਤੀ ਤਾਂ ਵਾਦੇ ਦੇ ਪਵਿੱਤਰ ਆਤਮਾ ਨਾਲ ਤੁਹਾਡੇ ਉਤੇ ਵੀ ਮੋਹਰ ਲੱਗੀ" (ਅਫਸੀਆ 1:13) ਇਸ ਤੋਂ ਪਹਿਲਾਂ ਉਨ੍ਹਾਂ ਸਾਰਿਆਂ ਦਾ ਬਹੁਤੇ ਅਨੁਵਾਦਾਂ ਦੇ ਭੰਬਲਭੂਸੇ ਵਿੱਚੋਂ ਬਾਹਰ ਆ ਜਾਣਾ ਜਰੂਰੀ ਹੈ, ਪ੍ਰਮੇਸ਼ਵਰ ਆਪਣੀ ਮੋਹਰ ਖਾਲਸ ਵਚਨ ਤੋਂ ਬਣੀ ਲਾੜੀ ਉਤੇ ਹੀ ਲਾਵੇਗਾ ।

ਪ੍ਰਮੇਸ਼ਵਰ ਮੌਜੂਦਾ ਸਮੇਂ ਜੋ ਕੁਝ ਕਰ ਰਿਹਾ ਹੈ ਉਹ ਧਰਤੀ ਲਈ ਬੇਜੋੜ ਹੈ । ਇਸ ਤਰ੍ਹਾਂ ਸਦੀਪਕ ਖੁਸ਼ਖਬਰੀ ਆਖਰੀ ਸੁਨੇਹੇ ਦੇ ਤੌਰ ਤੇ ਸਾਰਿਆਂ ਲੋਕਾਂ ਅਤੇ ਭਾਸ਼ਾਵਾਂ ਵਿੱਚ ਪ੍ਰਚਾਰੀ ਜਾ ਰਹੀ ਹੈ । (ਪ੍ਰ:ਪੋਥੀ 14:6, ਮੱਤੀ 24:14) ਸਾਰੇ ਸੱਚੇ ਵਿਸ਼ਵਾਸ਼ੀ ਜਾਣਦੇ ਹਨ, ਹੁਣ ਅੰਤ ਸਮਾਂ ਹੈ, ਉਸਦੀ ਆਮਦ ਨੇੜੇ ਹੈ । ਉਹ ਸੁਣਦੇ ਹਨ ਕਿ ਪ੍ਰਕਾਸ਼ਤ ਵਚਨ ਦੇ ਰਾਹੀਂ ਆਤਮਾ ਕਲੀਸੀਆ ਨੂੰ ਆਖਦਾ ਹੈ ਅਤੇ ਆਪਣੇ ਆਪ ਨੂੰ ਉਠਾਏ ਲਏ ਜਾਣਦੇ ਸ਼ਾਨਦਾਰ ਦਿਨ ਲਈ ਤਿਆਰ ਕਰਦੇ ਹਨ ।

ਪ੍ਰਭੂ ਆਖਦਾ ਹੈ, "ਭਈ, ਮੈਂ ਛੇਤੀ ਆਉਂਦਾ ਹਾਂ ।" ਅਤੇ ਸਾਰੇ ਸੱਚੇ ਛੁਡਾਏ ਹੋਏ ਉਚੀ ਪੁਕਾਰ ਕੇ ਆਖਦੇ ਹਨ 'ਤੇ ਪ੍ਰਭੂ ਯਿਸ਼ੂ ਆ ।" (ਪ੍ਰਕਾਸ਼ ਪੋਥੀ 22)

Jerusalem – The Burdensome stone
Isreal 1948-2018

ਭਾਰੀ ਪੱਥਰ - ਯਰੂਸ਼ਲਮ
ਇਸਰਾਏਲ 1948–2018

ਇਕ ਅਵਾਜ ਉਚੀ ਪੁਕਾਰ ਰਹੀ ਹੈ– ਹੇ ਲੋਕੋ ! ਤੁਹਾਡੇ ਵਿੱਚੋਂ ਹਰ ਇੱਕ ਸੁਣ ਲਏ, "ਮੈਂ ਉਸ ਦਿਨ ਯਰੂਸ਼ਲਮ ਨੂੰ ਸਾਰਿਆਂ ਲੋਕਾਂ ਲਈ ਇਕ ਭਾਰੀ ਪਥੱਰ ਠਹਿਰਾਵਾਂਗਾ । ਸਾਰੇ ਉਸਦੇ ਚੁਕਣ ਵਾਲੇ ਫੱਟੜ ਕੀਤੇ ਜਾਣਗੇ ਅਤੇ ਧਰਤੀ ਦੀਆਂ ਸਾਰੀਆਂ ਕੌਮਾਂ ਉਹਦੇ ਵਿਰੁੱਧ ਇਕੱਠੀਆ ਹੋਣਗੀਆ" (ਜਕਰਯਾਹ 12:3)

6 ਦਸੰਬਰ 2017 ਨੂੰ ਇਸਰਾਈਲ ਨੂੰ ਯਰੂਸ਼ਲਮ ਦੀ ਰਾਜਧਾਨੀ ਵਜੋਂ ਮਾਨਤਾ ਦੇਣ ਅਤੇ ਉਥੇ ਅਮਰੀਕੀ ਦੂਤਾਵਾਸ ਬਣਾਉਣ ਦਾ ਵਾਅਦਾ ਕਰਕੇ ਯੂ.ਐਸ ਪ੍ਰਧਾਨ ਮੰਤਰੀ ਡੋਨਾਲਡ ਟਰੰਪ ਨੇ ਵਿਵਾਦ ਨੂੰ ਛੇੜ ਲਿਆ ਹੈ । ਝਗੜੇ ਦੇ ਮੁੱਢ ਨੂੰ ਛੂਹ ਲਿਆ । ਕੁਝ ਹੀ ਦਿਨਾਂ ਬਾਅਦ ਯੂਨਾਈਟਡ ਨੈਸ਼ਨਲ ਅਸੈਂਬਲੀ United Nations Assembly ਨੇ ਇੱਕ ਮਤਾ ਪਾਸ ਕਰਕੇ ਅਮਰੀਕਾ ਨੂੰ ਕਿਹਾ ਕਿ ਉਹ ਯਰੂਸ਼ਲਮ ਨੂੰ ਇਸਰਾਏਲ ਦੀ ਰਾਜਧਾਨੀ ਦੇ ਤੌਰ ਤੇ ਦਿੱਤੀ ਮਾਨਤਾ ਨੂੰ ਵਾਪਸ ਲਵੇ/ਰੱਦ ਕਰੇ । ਇਹ ਮਤਾ ਤੁਰਕੀ ਤੇ ਯਮਨ ਨੇ ਪੇਸ਼ ਕੀਤਾ । 120 ਦੇਸ਼ਾਂ ਵਿੱਚ ਇਸ ਮਤੇ ਦੇ ਹੱਕ ਵਿੱਚ ਵੋਟ ਦੇਣ ਵਾਲੇ, ਸਾਉਦੀ ਅਰਬ, ਅਤੇ ਕੁਵੈਤ ਅਤੇ ਜਰਮਨੀ, ਫਰਾਂਸ ਅਤੇ ਗ੍ਰੇਟ ਬਿਰਟੇਨ ਹਨ ।

ਸਾਰੇ ਸਿਆਸਤਦਾਨਾਂ ਅਤੇ ਲੀਡਰਾਂ ਨੂੰ ਇਤਹਾਸ ਉਤੇ ਵੀ ਇੱਕ ਨਜ਼ਰ ਮਾਰ

ਲੈਣੀ ਚਾਹੀਦੀ ਹੈ:- ਆਪਣੇ ਸਮੇਂ ਵਿੱਚ ਇਬਰਾਹਮ ਅਤੇ ਇਸਹਾਕ ਪ੍ਰਮੇਸ਼ਰ ਦੇ ਹਜੂਰ ਇਕ ਨਿੱਜੀ ਕੁਰਬਾਨੀ ਚੜ੍ਹਾਉਣ ਲਈ ਮੋਰੀਆ ਪਹਾੜ ਉਤੇ ਗਏ ਸਨ । (ਉਤਪਤ 22) ਉਹ ਯਰੂਸ਼ਲਮ ਵਿੱਚ ਟੈਂਪਲ ਮਾਉਂਟ (Temple Mount) ਹੈ । ਯਰੂਸ਼ਲਮ ਦਾ ਜਿਕਰ ਬਾਈਬਲ ਵਿੱਚ 780 ਵਾਰ ਆਇਆ ਹੈ ।

ਦਾਉਦ ਵੱਲੋਂ ਅਰਨਾਨ ਯਬੂਸੀ ਤੋਂ 600 ਸੋਨੇ ਦੇ ਸਿੱਕਿਆ ਤੋਂ ਖਰੀਦਿਆ ਗਿਆ ਪਿੜ ਮੋਰੀਆ ਪਹਾੜ ਉਤੇ ਸਥਿਤ ਸੀ । (ਇਤਹਾਸ 21:25) ਫਿਰ ਉਸ ਐਲਾਨ ਕੀਤਾ "...... ਇਹ ਵੀ ਯੋਹਵਾਹ ਪ੍ਰਮੇਸ਼ਰ ਦਾ ਭਵਨ ਅਰ ਇਹ ਵੀ ਇਸਰਾਏਲ ਦੇ ਲਈ ਹੋਮ ਦੀਆਂ ਬਲੀਆ ਦੀ ਜਗਵੇਦੀ ਹੈ ।" (ਇਤਹਾਸ 22:1)

3000 ਹਜਾਰ ਸਾਲ ਪਹਿਲਾਂ ਦਾਉਦ ਨੇ ਯਰੂਸ਼ਲਮ ਵਿੱਚ 33 ਸਾਲ ਰਾਜ ਕੀਤਾ ਉਸਦੇ ਪੁਤੱਰ ਸੁਲੇਮਾਨ 40 ਸਾਲ ਰਾਜ ਕੀਤਾ । ਸੁਲੇਮਾਨ ਨੇ ਪ੍ਰਮੇਸ਼ਰ ਤੋਂ ਸਿਧੀ ਆਗਿਆ ਪਾ ਕੇ ਮੰਦਰ ਬਣਾਇਆ । ਮੁੱਖ ਨਿਸ਼ਾਨ ਨੇਮ ਦਾ ਸੰਦੂਕ ਸੀ ਜਿਹਦੇ ਵਿੱਚ ਪ੍ਰਮੇਸ਼ਰ ਦਾ ਵਚਨ ਸੀ; ਉਥੇ ਮੈਂ ਸੰਦੂਕ ਲਈ ਥਾਂ ਰਖਿੱਆ ਹੈ ਜਿਹਦੇ ਵਿੱਚ ਯੋਹਵਾਹ ਦਾ ਨੇਮ ਹੈ ਜਿਹਨੂੰ ਉਹਨੇ ਸਾਡੇ ਪਿਉ ਦਾਦਿਆ ਨਾਲ ਬੰਨ੍ਹਿਆ ਜਦ ਉਸ ਨੇ ਉਨ੍ਹਾਂ ਨੂੰ ਮਿਸਰ ਦੇਸ਼ ਤੋਂ ਕਢਿੱਆ ।" (ਰਾਜਾ 8:21) 1 ਰਾਜਾ 8 ਦੇ ਅਨੁਸਾਰ ਵੇਖਣ ਯੋਗ ਪ੍ਰਮਅਲੋਕਿਕ ਮਹਿਮਾ ਨਾਲ ਸਮੁੱਚਾ ਮੰਦਿਰ ਭਰ ਗਿਆ । ਇਹ ਪ੍ਰਮੇਸ਼ਵਰ ਦਾ ਫੈਸਲਾ ਸੀ ਕਿ ਯਰੂਸ਼ਲਮ ਇਸਰਾਏਲ ਦੀ ਰਾਜਧਾਨੀ ਬਣੇ । ਇਥੇ ਸੰਸਾਰ ਵਿੱਚ ਕੋਈ ਰਾਜਧਾਨੀ ਮੌਜੂਦ ਨਹੀ ਹੈ ਜਿਹੜੀ ਯਰੂਸ਼ਲਮ ਜਿੰਨੀ ਪੁਰਾਣੀ ਹੋਵੇ ।

ਅਬਰਾਹਮ, ਇਸਹਾਕ ਅਤੇ ਯਕੂਬ ਤੋਂ ਲੈ ਕੇ ਇਸਰਾਈਲੀ ਖੁਦਾ ਦੀ ਖਾਸ ਕੌਮ, ਪ੍ਰਮੇਸ਼ਰ ਦੀ ਮਿਰਾਸ ਹਨ। ਇਸ ਸਮੇਂ ਲਈ ਉਸ ਨੇ ਉਨ੍ਹਾਂ ਨੂੰ ਹੇਠ ਲਿਖੇ ਵਾਅਦੇ ਦਿੱਤੇ: ਕਿਉਂ ਜੋ ਮੈਂ ਤੁਹਾਨੂੰ ਕੌਮਾਂ ਵਿੱਚ ਲਵਾਂਗਾ ਅਤੇ ਸਾਰੇ ਦੇਸ਼ਾਂ ਵਿੱਚੋਂ ਤੁਹਾਨੂੰ ਇਕੱਠੇ ਕਰਾਂਗਾ ਅਤੇ ਤੁਹਾਨੂੰ ਤੁਹਾਡੀ ਭੂਮੀ ਵਿੱਚ ਲਿਆਵਾਂਗਾ।" (ਹਿਜਕੀਏਲ 36:24)

"ਯਹੋਵਾਹ ਯਕੂਬ ਉਤੇ ਰਹਮ ਕਰੇਗਾ ਅਤੇ ਇਸਰਾਈਲ ਨੂੰ ਫੇਰ ਚੁਣੇਗਾ ਅਤੇ ਉਹਨਾਂ ਨੂੰ ਉਹਨਾਂ ਦੀ ਭੂਮੀ ਉਤੇ ਵਸਾਏਗਾ ਅਤੇ ਓਪਰੇ ਉਹਨਾ ਨਾਲ ਮਿਲ ਜਾਣਗੇ ਅਤੇ ਉਹ ਯਕੂਬ ਦੇ ਘਰਾਣੇ ਨਾਲ ਜੁੜ ਜਾਣਗੇ" (ਯਸ਼ਯਾਹ 14:1)

"ਹੁਣ ਮੈਂ ਯਾਕੂਬ ਨੂੰ ਅਸੀਰੀ ਤੋਂ ਫੇਰ ਲਿਆਵਾਂਗਾ ਅਤੇ ਇਸਰਾਏਲ ਦੇ ਸਾਰੇ ਘਰਾਣੇ ਤੇ ਤਰਸ ਖਾਵਾਂਗਾ ਅਤੇ ਆਪਣੇ ਪਵਿਤੱਰ ਨਾਮ ਦੇ ਲਈ ਅਣਖੀ ਹੋਵਾਂਗਾ।

....ਮੈਂ ਉਹਨਾਂ ਨੂੰ ਉਮਤਾਂ ਵਿੱਚੋਂ ਮੋੜ ਲਿਆਇਆ ਅਤੇ ਉਨ੍ਹਾਂ ਨੂੰ ਵੈਰੀਆਂ ਦੇ ਦੇਸ਼ਾ ਵਿੱਚੋਂ ਇਕੱਠੇ ਕੀਤਾ ਅਤੇ ਬਹੁਤ ਸਾਰੀਆ ਕੋਮਾਂ ਦੀਆਂ ਅੱਖਾਂ ਵਿੱਚ ਮੈਂ ਪਵਿੱਤਰ ਠਹਿਰਾਇਆ ਗਿਆ ।" (ਹਿਜਕੀਏਲ 39:25+27)

ਲੂਕਾ 21:24 ਵਿੱਚ ਪ੍ਰਮੇਸ਼ਰ ਨੇ ਆਖਿਆ, ".....ਅਰ ਯਰੂਸ਼ਲਮ ਪਰਾਈਆ ਕੌਮਾਂ ਤੋਂ ਲਤਾੜਿਆ ਜਾਵੇਗਾ ਜਦ ਤੱਕ ਪਰਾਈਆ ਕੌਮਾਂ ਦੇ ਸਮੇਂ ਪੂਰੇ ਨਾ ਹੋਣ"

ਯਸ਼ਯਾਹ ਨੇ ਭਵਿੱਖ ਬਾਣੀ ਕੀਤੀ ਸੀ "ਆਖਰੀ ਦਿਨਾਂ ਵਿੱਚ ਐਉਂ ਹੋਵੇਗਾ ਕਿ ਯਹੋਵਾਹ ਦੇ ਭਵਨ ਦਾ ਪ੍ਰਬਤ ਪਹਾੜਾਂ ਦੇ ਸਿਰੇ ਤੇ ਕਾਇਮ ਕੀਤਾ ਜਾਵੇਗਾ ..... ਸਭ ਕੌਮਾਂ ਉਸ ਵੱਲ ਵਧਣਗੀਆਂ ..... ਅਤੇ ਆਖਣਗੀਆਂ ਆਉ ਅਸੀ ਯਹੋਵਾਹ ਦੇ ਪ੍ਰਬਤ ਉਤੇ ਯਕੂਬ ਦੇ ਪ੍ਰਮੇਸ਼ਰ ਦੇ ਭਵਨ ਵੱਲ ਵਧੀਏ ..... ਕਿਉਂ ਜੋ ਵਿਵਸਥਾ ਸੀਯੋਨ ਤੋਂ ਨਿਕਲੇਗੀ ਅਤੇ ਯਹੋਵਾਹ ਦਾ ਬਚਨ ਯਰੂਸ਼ਲਮ ਤੋਂ" (ਯਸ਼ਸਾਹ 2:2−3)

ਯਹੋਵਾਹ ਯਹੂਦਾਹ ਨੂੰ ਪਵਿੱਤਰ ਭੂਮੀ ਅਤੇ ਆਪਣੀ ਮਿਲਖਾ ਦਾ ਹਿੱਸਾ ਠਹਿਰਾਵੇਗਾ ਅਤੇ ਯਰੂਸ਼ਲਮ ਨੂੰ ਫੇਰ ਚੁਣੇਗਾ" (ਜਕਰਯਾਹ 2:12)

"ਯਰੂਸ਼ਲਮ ਨਾਲ ਨਿਹਾਲ ਹੋਵੇ, ਉਸ ਨਾਲ ਬਾਗ ਬਾਗ ਹੋਵੇ ਤੇ ਉਸਦੇ ਸਾਰੇ ਪ੍ਰੇਮੀਓ ! ਹੇ ਉਸਦੇ ਸਾਰੇ ਸੋਗੀਓ ਉਸ ਦੀ ਖੁਸ਼ੀ ਵਿੱਚ ਖੁਸ਼ੀ ਮਨਾਓ" (ਯਸ਼ਾਯਾਹ 66:10)

ਹਜਾਰ ਸਾਲਾਂ ਦਾ ਰਾਜ ਆਰੰਭ ਹੋਣ ਤੇ ਪ੍ਰਭੂ ਪਰਮੇਸ਼ਰ ਆਪਣਾ ਪੈਰ ਜੈਤੂਨ ਦੇ ਪਹਾੜ ਉਤੇ ਰੱਖੇਗਾ । "ਉਸ ਦਿਨ ਉਹਦੇ ਪੈਰ ਜੈਤੂਨ ਦੇ ਪਹਾੜ ਉਤੇ ਖੜੇ ਹੋਣਗੇ ਜਿਹੜਾ ਯਰੂਸ਼ਲਮ ਦੇ ਅੱਗੇ ਪੂਰਬ ਵੱਲ ਹੈ ..." (ਜਕਰਯਾਹ 14:4) ਫੇਰ 24 ਬਜ਼ੁਰਗ ਇਨਾਂ ਸ਼ਬਦਾਂ ਨਾਲ ਉਹਦੀ ਵਡਿਆਈ ਕਰਨਗੇ : "ਹੇ ਪ੍ਰਭੂ ਪਰਮੇਸ਼ਰ ਸਰਬ ਸਮਤੀ ਮਾਨ, ਜਿਹੜਾ ਹੈ ਅਤੇ ਜਿਹੜਾ ਹੈ ਸੀ, ਅਸੀ ਤੇਰਾ ਧੰਨਵਾਦ ਕਰਦੇ ਹਾਂ, ਇਸ ਲਈ ਜੋ ਤੈਂ ਆਪਣੀ ਵੱਡੀ ਸਮਰੱਥਾ ਲੈ ਕੇ ਰਾਜ ਕੀਤਾ" (ਪ੍:ਪੋਥੀ 11:17)

ਪਹਿਲੀ ਸੰਸਾਰ ਜੰਗ ਦੀ ਸਮਾਪਤੀ ਵਲ ਵਧਦਿਆਂ ਬ੍ਰਿਟਸ਼ ਕਮਾਂਡਰ ਐਲਬਨੀ ਨੇ ਦਸੰਬਰ 1917 ਨੂੰ ਯਰੂਸ਼ਲਮ ਉਤੇ ਕਰਜ਼ਾ ਕਰ ਲਿਆ ਸੀ, ਜਿਹੜਾ 400 ਸਾਲਾਂ ਤੋਂ ਓਟਮੈਨ Ottoman ਹਕੂਮਤ ਦੇ ਅਧੀਨ ਚੱਕਿਆ ਆ ਰਿਹਾ ਸੀ । (Ottoman ਅਰਥਾਤ ਤੁਰਕ) ਉਸ ਸਮੇਂ ਤੋਂ ਸਾਰੇ ਇਲਾਕੇ ਨੂੰ ਟਰਾਂਸਜਾਰਡਨ ਕਰਕੇ ਜਾਣਿਆ ਜਾਣ ਲੱਗਾ ਅਤੇ ਇਹ 1948 ਤੱਕ ਬ੍ਰਿਟਸ਼ (ਬਰਤਾਨਵੀ) ਪ੍ਰਬੰਧ ਦੇ ਅਧੀਨ ਰਿਹਾ,

ਉਥੇ ਫਬਸਤੀਨ ਨਾਂ ਦਾ ਰਾਜ ਕਦੇ ਵੀ ਨਹੀਂ ਸੀ ।(Trans jordan:- ਯਰਦਨ ਨਦੀ ਦੇ ਪੂਰਬ ਵਿੱਚ ਸਥਿਤ ਭੂਮੀ ਦਾ ਇੱਕ ਹਿਸਾ। ਟਰਾਂਸਜਾਰਡਨੀਆ ਯਰਦਨੋ ਪਾਰ ਪੂਰਬ ਵੱਲ ਦਾ ਉਪਜਾਉ ਪਹਾੜੀ ਇਲਾਕਾ)

14 ਮਈ 1948 ਬੈਨ ਗਰੀਅਨ (Ben Gurior) ਨੇ ਇਸਰਾਈਲ ਰਾਜ ਦੀ ਘੋਸ਼ਣਾ ਕੀਤੀ । 1979 ਤੱਕ ਸਾਰਿਆਂ ਵਿਸ਼ਵਾਸ਼ਾ ਦੇ ਗਰੁੱਪ ਮਿਲਕੇ ਸ਼ਾਂਤੀਪੂਰਵਕ ਉਥੇ ਰਹਿੰਦੇ ਸਨ । ਬਸ ਉਸ ਸਮੇਂ ਤੋਂ ਜਦ ਐਤ ਉਲਾਹ ਖਮੀਨੀ ਨੇ ਫਾਰਸ਼ ਸ਼ਾਹ ਦਾ ਜੋ ਇਸਰਾਈਲ ਦਾ ਮਿੱਤਰ ਸੀ ਤਖਤਾ ਪਲਟ ਦਿੱਤਾ, ਨਵੇ ਹਾਕਮ ਨੇ ਇਰਾਏਲ ਨਾਲ ਇਰਾਨ ਦੀ ਦੁਸ਼ਮਣੀ ਦਾ ਐਲਾਨ ਕਰ ਦਿੱਤਾ । (Perjia - ਇਰਾਨ ਜੰਬੂਦੀਪ ਦੇ ਦਖੱਣ, ਪਛੱਮ ਹਿੱਸੇ ਵਿੱਚ ਸਥਿਤ ਦੇਸ਼ ਹੈ) ਸੰਨ 2000 ਵਿੱਚ ਦੂਜਾ ਇੰਤੀਫਕਾ (ਨਿਧ ਵਿਦਰੋਹ) ਫੁੱਟ ਪੈਣ ਤੱਕ ਮੈਂ ਆਪਣੇ ਯਾਤਰੀ ਜਿੱਥੇ ਨਾਲ ਗਾਜਾ ਪੱਟੀ ਦੀ ਯਾਤਰਾ ਕੀਤੀ । ਬਦਕਿਸ਼ਮਤੀ ਨਾਲ ਅੱਜ ਇਹ ਯਾਤਰਾ ਸੰਭਵ ਨਹੀਂ ਹੈ । (Second Intifada ਦੂਜਾ ਇੰਤਫਕਾ - ਫਲਸਤੀਨ ਅਤੇ ਇਸਰਾਏਲ ਵਿੱਚ ਛਿੜਿਆ ਵਿਦਰੋਹ)

"Basic Law on Jerusalam as capital" "ਯਰੂਸ਼ਲਮ ਦੇ ਰਾਜਧਾਨ ਹੋਣ ਲਈ ਮੁੱਢਲੇ ਕਾਨੂੰਨ" ਪ੍ਰਸਤਾਵ ਦੇ ਨਾਲ ਇਸਰਾਈਲੀ ਪਾਰਲੀਮੈਂਟ ਨੇ 1980 ਵਿੱਚ ਯਰੂਸ਼ਲਮ ਨੂੰ ਸਦੀਵੀ ਅਤੇ ਅਟੁਟ ਰਾਜਧਾਨੀ ਹੋਣ ਦਾ ਐਲਾਨ ਕਰ ਦਿੱਤਾ ।

ਜਨਵਰੀ 2, 2018 ਨੂੰ (Knesset ਕਨੇਸਟ :- ਇਸਰਾਈਲ ਦੀ ਕਾਨੂੰਨ ਘੜਨ ਵਾਲੀ ਸਭਾ) ਨੇ ਪੁਰਾਣੇ 1980 ਦੇ ਇਕਰਾਰ ਨਾਮੇ ਵਿੱਚ ਸੋਧ ਕਰ ਦਿੱਤੀ ਅਤੇ ਸਾਝਾਂ ਯਰੂਸ਼ਲਮ ਪ੍ਰਸਤਾਵ (United Jerusalam Bill) ਪਾਸ ਕਰ ਦਿੱਤਾ ਸੀ । ਇਸ ਅਨੁਸਾਰ ਯਰੂਸ਼ਲਮ ਦੇ ਰੁਤਬੇ ਦੇ ਸਬੰਧੀ ਕੋਈ ਫੈਸਲਾ ਕਾਨੂੰਨ ਘੜਨ ਵਾਲੀ ਸਭਾ (ਕਨਸੇਟ) ਦੇ ਦੋ ਤਿਹਾਈ ਮੈਂਬਰਾ ਦੇ ਬਹੁਤ ਮੱਤ ਨਾਲ ਹੀ ਲਿਆ ਜਾ ਸਕੇਗਾ ।

ਇੱਕ ਨਵਾਂ ਯੁਗ ਸ਼ੁਰੂ ਹੋ ਗਿਆ ਹੈ: ਯਰੂਸ਼ਲਮ ਹੁਣ ਸਪਸ਼ਟ ਰੂਪ ਵਿੱਚ ਭਾਰੀ ਪਥੱਰ ਬਣ ਗਿਆ ਹੈ । ਡੋਨਾਲਡ ਟਰੰਪ ਦੇ ਐਲਾਨ ਤੋਂ ਬਾਅਦ ਇਸਰਾਈਲੀ ਪ੍ਰਧਾਨ ਮੰਤਰੀ ਬਿਨਯਾਮੀਨ ਨੇਤਨਾਚਾਹੂ ਨੇ 11 ਦਸੰਬਰ 2017 ਨੂੰ ਬਰਸੱਲਸ ਵਿੱਚ ਯੂਰਪੀਨ ਯੂਨੀਅਨ ਦਾ ਦੋਰਾ ਕੀਤਾ । ਉਸ ਨੇ ਇੱਕ ਛੋਟਾ ਬਿਆਨ ਦਿੱਤਾ ਅਤੇ ਆਪਣੇ ਲਈ ਅਪਮਾਨ ਅਥੇ ਬੇਇਜਤੀ ਸਹੇੜ ਲਈ ਸੀ । ਯੂਰਪੀਨ ਯੂਨੀਅਨ ਵੱਲੋਂ

ਯੂਨੀਅਨ ਦੇ ਵਿਦੇਸ਼ੀ ਮਾਮਲੇ ਅਤੇ ਸੁਰੱਖਿਆ ਨੀਤੀ ਦੇ ਮੁੱਖ ਪ੍ਰਤੀਨਿਧੀ ਨੇ ਫੈਡਰਿਕਾ ਮੋਗਹਰਨੀ ਨੇ ਟਰੰਪ ਐਲਾਨਾਮੇ ਨੂੰ ਵਾਪਸ ਲੈਣ ਦਾ ਸੱਦਾ ਦਿੱਤਾ ਹੈ । ਪ੍ਰਤੱਖ ਹੈ ਕਿ ਯੂਰਪੀ ਸੰਘ "United States of Europe ਨੇ ਸੰਸਾਰ ਮਹਾਸ਼ਕਤੀ ਅਮਰੀਕੀ ਸੰਘ (United States of America) ਦੀ ਜਗ੍ਹਾ, ਮੱਲ ਲੈਣੀ ਹੈ । ਸੰਭਾਵਨਾਵਾਂ ਹਨ ਕਿ ਯੂਰਪੀਨ ਯੂਨੀਅਨ (EU) ਜਿਸਦਾ ਜਨਮ ਰੋਮ ਸਮਝੋਤੇ (Trecty of Rome) ਤੋਂ ਹੋਇਆ 2025 ਤੱਕ ਅਮਰੀਕਾ ਦਾ ਸਥਾਨ ਹਾਸਲ ਕਰ ਲਵੇਗਾ । ਬਾਈਬਲ ਦੀ ਭਵਿੱਖਬਾਣੀ ਅਨੁਸਾਰ, ਜਿਵੇ ਦਾਨੀਏਲ ਨਬੀ ਨੇ ਅਗੇਤਰਾ ਵੇਖਿਆ ਸੀ, ਇਹ ਚੋਥਾ ਸਾਮਰਾਜ, ਆਖਰੀ ਸੰਸਾਰ ਸ਼ਕਤੀ ਹੋਵੇਗਾ ।

ਜਿਵੇਂ ਮਈ 2018 ਵਿੱਚ ਇਸਰਾਈਲ ਨੂੰ ਰਾਜ ਦਾ ਦਰਜਾ ਮਿਲਿਆ 70 ਸਾਲ ਗੁਜਰ ਜਾਣੇ ਹਨ । ਇਸਰਾਈਲ ਰਾਜ ਦਾ ਦਰਜਾ ਮਿਲਣ ਵੇਲੇ ਇਸਰਾਈਲ ਦੇ ਬਸਿਦਿਆਂ ਦੀ ਗਿਣਤੀ 8,50000 ਸੀ ਕੇਵਲ ਦਸ ਸਾਲਾਂ ਵਿੱਚ ਹੀ ਇਹ ਗਿਣਤੀ ਦੋਗਣੀ ਹੋ ਗਈ ਸੀ । 1990 ਵਿੱਚ ਇਹ ਗਿਣਤੀ 4500000 ਸੀ । ਅੱਜ 80 ਲੱਖ 70 ਹਜ਼ਾਰ ਦੇ ਲਗਭਗ ਹੈ ।

ਸ਼ਾਂਤੀ ਪ੍ਰਕਿਰਿਆ ਆਪਣਾ ਰਸਤਾ ਅਪਣਾ ਰਹੀ ਹੈ ਤਾਂ ਜੋ ਇਹ ਵਚਨ ਪੂਰਾ ਹੋਵੇ: "ਜਦ ਲੋਕ ਆਖਦੇ ਹੋਣਗੇ ਭਾਈ ਅਮਨ ਚਨ ਅਤੇ ਸੁੱਖ ਸਾਂਦ ਹੈ ਤਦ ਜਿਵੇਂ ਗਰਭਵਤੀ ਇਸਤਰੀ ਨੂੰ ਪੀੜਾ ਲਗੱਦੀਆ ਹਨ ਤਿਵੇਂ ਉਨ੍ਹਾਂ ਦਾ ਅਚਾਨਕ ਨਾਸ ਹੋ ਜਾਵੇਗਾ ਅਤੇ ਉਹ ਕਦੀ ਨਾ ਬਚਣਗੇ ।" (ਥਸਲ ਨੁਕੀਆ 5:3)

ਪਰ ਯੋਏਲ ਨਬੀ ਦੀ ਭਵਿਖਬਾਣੀ ਵੀ ਪੂਰੀ ਹੋਵੇਗੀ:- "ਵੇਖੋਂ ਤਾਂ ਉਨ੍ਹਾਂ ਦਿਨਾਂ ਅਤੇ ਉਸ ਸਮੇਂ ਵਿੱਚ ਜਦ ਮੈਂ ਯਹੂਦਾਹ ਅਤੇ ਯਰੂਸ਼ਲਮ ਦੀ ਅਸੀਰੀ ਨੂੰ ਮੁਕਾ ਦਿਆਂਗਾ, ਮੈਂ ਉਥੇ ਆਪਣੀ ਪਰਜਾ ਅਤੇ ਆਪਣੀ ਮਿਰਾਸ ਇਸਰਾਏਲ ਦੇ ਕਾਰਨ ਉਹਨਾਂ ਦਾ ਨਿਆ ਕਰਾਂਗਾ ਕਿਉਂ ਜੋ ਉਹਨਾਂ ਨੇ ਉਹਨਾਂ ਨੂੰ ਕੌਮਾਂ ਵਿੱਚ ਖੇਰੂੰ-ਖੇਰੂੰ ਕੀਤਾ ਅਤੇ ਮੇਰੇ ਦੇਸ਼ ਨੂੰ ਵੰਡ ਲਿਆ ।" (ਯੋਏਲ 3:1-2)

ਅਸੀਂ ਬਾਈਬਲ ਦੀ ਆਖਰੀ ਸਮੇਂ ਦੀ ਭਵਿਖਬਾਣੀ ਦੇ ਪੂਰੇ ਹੋਣ ਦੇ ਸਮੇਂ ਵਿੱਚ ਰਹਿ ਰਹੇ ਹਾਂ । ਇਹ ਮੰਦਭਾਗਾ ਹੈ ਕਿ ਯੂਰਪੀਅਨ ਯੂਨੀਅਨ ਦੇ ਵਿਦੇਸ਼ ਮੰਤਰੀ ਅਤੇ ਰਾਜ ਦੇ ਬਹੁਤੇ ਆਗੂ/ਮੁੱਖੀ ਪ੍ਰਮੇਸ਼ਰ ਦੇ ਫੈਸਲੇ ਦੀ ਕਦਰ ਨਹੀਂ ਕਰ ਰਹੇ ।

2018 ਦੇ ਸ਼ੁਰੂ ਹੋਣ ਨਾਲ ਸਾਨੂੰ ਵੱਡੀਆਂ ਉਮੀਦਾਂ ਅਤੇ ਆਸ਼ਾਵਾਂ ਹਨ ਕਿ ਪ੍ਰਭੂ ਕੌਮਾਂ ਦੀ ਲਾੜੀ ਨੂੰ ਉਠਾ ਲੈ ਜਾਣ ਦੇ ਨਾਲ ਛੁਟਕਾਰੇ ਦੇ ਆਪਣੇ ਕੰਮ ਨੂੰ ਪੂਰਾ ਕਰੇਗਾ ਜਿਸ ਤਰ੍ਹਾਂ ਲਿਖਿਆ ਹੋਇਆ ਹੈ, "ਤਦ ਅਸੀਂ ਜਿਹੜੇ ਜਿਉਂਦੇ ਅਤੇ ਬਾਕੀ ਰਹਿੰਦੇ ਹਾਂ ਉਨਾਂ ਦੇ ਨਾਲ ਹੀ ਹਵਾ ਵਿੱਚ ਪ੍ਰਭੂ ਦੇ ਮਿਲਣ ਨੂੰ ਬੱਦਲਾਂ ਉਤੇ ਅਚਾਨਕ ਉਠਾਏ ਜਾਵਾਂਗੇ ਅਤੇ ਇਸ ਤਰ੍ਹਾਂ ਸਦਾ ਪ੍ਰਭੂ ਦੇ ਸੰਗ ਰਹਾਂਗੇ ।" (1 ਥਸਲ 4:17) ਕੋਈ ਨਹੀ ਜਾਣਦਾ ਅਸਲ ਵਿੱਚ ਇਹ ਕਦੋਂ ਹੋਣਾ ਹੈ । ਇਸ ਲਈ ਸਾਨੂੰ ਤਿਆਰ ਰਹਿਣਾ ਹੋਵੇਗਾ । ਉਸ ਤੋਂ ਬਾਅਦ ਉਹ ਪ੍ਰਕਾਸ਼ ਦੀ ਪੋਥੀ 11 ਬਾਬ ਦੇ ਦੋ ਨਬੀਆਂ ਰਾਹੀਂ, ਇਸਰਾਏਲ ਨਾਲ ਆਪਣੇ ਕੰਮ ਨੂੰ ਪੂਰਾ ਕਰੇਗਾ ਅਤੇ ਉਹਦਾ ਹਜਾਰ ਸਾਲਾ ਰਾਜ ਸ਼ੁਰੂ ਹੋ ਜਾਵੇਗਾ । ਆਮੀਨ ।

"ਫੇਰ ਸਤੱਵੇਂ ਦੂਤ ਨੇ ਤੁਰ੍ਹੀ ਵਜਾਈ, ਤਾਂ ਸੁਰਗ ਵਿੱਚ ਵੱਡੀ ਅਵਾਜ਼ ਇਹ ਆਖਦਿਆਂ ਆਈ - ਜਗਤ ਦਾ ਰਾਜ ਸਾਡੇ ਪ੍ਰਭੂ ਦਾ ਅਤੇ ਉਹਦੇ ਮਸੀਹ ਦਾ ਹੋ ਗਿਆ ਹੈ ਅਤੇ ਉਹ ਜੁਗੋ ਜੁਗ ਰਾਜ ਕਰੇਗਾ ।"

(ਪ੍ਰਕਾਸ਼ ਦੀ ਪੋਥੀ 11:15)

Contact:-
(Ferozepur) 97802-40668
81958-9985, 99149-02867
81461-29841, 99148-50310

(Ludhiana) 62846-17572
+44 1925 596255



MissionCenter
P.O. Box 100707
47707 Krefeld
Germany